ISSN 0972-2335

# ਅੰਮ੍ਰਿਤ ਕੀਰਤਨ

ਅਪ੍ਰੈਲ 2017



SIKH MUSICAL PAINTING FROM GOOGLE

ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Posting Every 1st of Month
Posted by MBU Chd.

# ਮਿਲਾਂਗੀ ਬਾਹਾਂ ਪਸਾਰ

ਜੇ ਤੂੰ ਵੱਸੇਂ ਤਾਂ ਮੇਰਾ ਵਾਸਾ

ਨਹੀਂ ਤਾਂ ਦਿਸੇ ਸੱਭ ਉਜਾੜ।

ਮਹਿਲ ਮਾੜੀਆਂ ਦਿਸਣ ਵਿਰਾਨੇ,

ਜਿਉਂ ਦਿਸਦੀ ਕੰਡਿਆਂ ਦੀ ਵਾੜ।

ਆਬ ਬਿਨਾਂ ਜਿਉਂ ਮੱਛੀ ਤੜਫੇ,

ਜੀਵਨ ਮੇਰਾ ਹੋਇਆ ਖੁਆਰ।

ਦਰਸ਼ਨ ਦੀ ਜੇ ਘੜੀ ਦੇਂ ਮੈਨੂੰ ,

ਸੰਤੋਖ ਪਹੁੰਚਾਂਗੀ ਬਾਂਹਾਂ ਪਸਾਰ।



# मिलांगी बाहां पसार

जे तूं वस्से तां मेरा वासा,

नहीं तां दिस्से सब उजाड़।

महल माड़ीयां, दिसण वीराने,

जिओं दिसदी कंडियां दी वाड़।

आब बिनां ज्यों मच्छी तड़पे,

जीवन मेरा होया खवार।

दर्शन दी जे घड़ी दें मैनूं,

संतोख पहुंचांगी बाहां पसार।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ੑ ਓਾਦ। (ਦਾਨਰਲ਼ੰ)

**ਡਾ. ਜਾਗ੍ ਰ ੑਿ ੳ**

ਦਸ਼.ਤਲ਼ੰ( ੳ੍ ਤ, ਪੰਜਾਬ੍ , ਧਾਰਮਿ। ਦਧਿਦਲ਼), ਪ੍ ਦਢ. ਙ੍

ੑ ਯਿਯਛ੍

**ੑ . ਯਰਭਜਨ ੑਿ ੳ ▲ੑ ੈ. _ੱਤਮ ੑਿ ੳ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

▲ - ਲ਼ੂੰ ਵਿੱਵ ਪਙਾਟਾਤਲ਼ੰਵਵਾਰ - ਲ਼ੰ੍ਹ ਦਲ਼ੰਨੱਜ੍ ਯਨਪਤਿਨੂਠ ਨਾ- ੑ ਓਾਦ। ਜੂ ਦੰਮਿਙ ੑ ਰਤਨ ਟ੍ਰ ਟ ਦਾੑ ਯਿਮਤ ਯਙਾ ਖਰਠ੍ ਨਯ੍ੱ ਯਧ

▲ ਲ਼ਦੰਮਿਙ ੑ ਰਤਨਮਡਾਤਿਰਘਟਰ ੑਿੱਛੰਖਦਾ ਵਿਭਾਗ ਪੰਜਾਬ, ਵਙ੍ਹ ਗ–ਠਦਲ਼ੰਪੱਤਰ ਨੰ: ੪/੮/੯੦ ਮਿਤ੍ ੨੦/੨/੯੧ ਦਨ੍ਹ ਾਰ ਰਾਜ ਦਲ਼ੰੑ ਨ੍ਦਰ ੑ ਘਙਿਰ੍ ੑ ੍ਹ-੍ਹ ਦ੍ਦੂ - ਾਤਿਬਲ਼ੰਦੂ - ਤ੍ ਪਙਾਨਿਤ ਯਧ

ਵਓਲ਼ੰਦਾ ਵਲ਼ੰਵਾ

▲ ਤਿ। ।ਾਪ੍ 15 ਰੁ.,
ਦੇਸ਼ ਸਾਲਾਨਾ ਚੰਦਾ 150 ਰੁ.
ਜ੍ ਵਨ ਮੱਬਰ ਚੰਦਾ 1500 ਰੁ.

▲ ਵਿਦਲ਼ੰ:ੑ - ਾਨਾ ਚੰਦਾ 30 £, ਜ੍ ਵਨ ਮੱਬਰ ਚੰਦਾ 300 £

▲ ਲ਼ਦੰਮਿਙ ੑ ਰਤਨਮ- ਤ੍ ਡਰਾਫਟ, ਮਾਇਕ ਸਹਾਇਤਾ, ਵਿੱਠ੍ ਪੱਤਰ ਅਤੇ ਰਵਨਾਵੂ ਭਲ਼ੰਣ - ਤ੍ ਪਤਾ–

ਦੰਮਿਙ ੑ ਰਤਨ ਟ੍ਰ ਟ (ਰਜਿ.)

422, ਸੈਕਟਰ 15–ਏ, ਚੰਡੀਗੜ੍ਹ 160 015

ਫਙ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿੱਤਰ ਅਸਾਡੜੇ ਸੇਈ 4

ਸੰਪਾਦਕੀ : ਕਰਉ ਬੇਨੰਤੀਆ 5
ਮੇਰੀ ਪੂਨਾ ਕੀਰਤਨ ਯਾਤਰਾ

ਗੁਰਬਾਣੀ ਵਿੱਚ ਨਾਰੀ ਚੇਤਨਾ 7
ਪ੍ਰੋ. ਨਵ ਸੰਗੀਤ ਸਿੰਘ

ਸੁਖਮਨੀ ਸਾਹਿਬ ਵਿਚ ਸੁਖ ਦਾ ਸੰਕਲਪ 11
ਡਾ. ਕੁਲਦੀਪ ਕੌਰ

**अध्यात्मिकवाद तथा संगीत** **15**
**कमलेश इन्द्र सिंह शोधार्थी**

ਬਹੁ ਪੱਖੀ ਸ਼ਖ਼ਸੀਅਤ : 19
ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼

ਸੁਰ ਲਿਪੀ (ਰਾਗ ਬਿਲਾਵਲ) 22


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ ਲ਼ਦੰਮਿਙ ੑ ਰਤਨ ਟ੍ਰ ਟਮਦਲ਼ੰਾਮ ਯ੍ ਭਲ਼ੰਲ਼ੰ ਜਾਣ ਜ੍ ਪਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਮਿਤ੍ਰ ਦ੍ ਾਡ–ਲ੍ਰੰ ਲ੍ਰੰ

ਸਤਿਕਾਰਿਤ ਡਾ. ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

ਮਾਰਚ 2017 ਦਾ ਅੰਮ੍ਰਿਤ ਕੀਰਤਨ ਹੁਣੇ ਦੁਪਹਿਰ 2:20 ਵਜੇ ਡਾਕੀਆ ਦੇ ਕੇ ਗਿਆ ਹੈ। ਇਸ ਵਿੱਚਪ੍ਰਕਾਸ਼ਿਤ ਡਾ. ਹਰਪਾਲ ਸਿੰਘ ਪੰਨੂੰ ਦੀ ਲਿਖਤ ਉਨ੍ਹਾਂ ਦੀ ਆਪਣੀ ਮਿਕਨਾਤੀਸੀ ਸ਼ਖਸ਼ੀਅਤ ਵਾਂਗ ਹੀ ਰਸ-ਲਬਰੇਜ਼ ਹੈ, ਇਹ ਲਿਖਤ ਮੈਂ ਕਈ ਵਰ੍ਹੇ ਪਹਿਲੇ ਵੀ ਕਿਧਰੇ ਹੋਰ ਥਾਂ ਪੜ੍ਹ ਚੁੱਕਾਹਾਂ, ਪਰ ਦੁਬਾਰਾ ਪੜ੍ਹਨ ਤੇ ਨਵਾਂ ਰਸ ਆਇਆ ਹੈ। ਅਜਿਹੀਆਂ ਲਿਖਤਾਂ ਬਾਰ ਬਾਰ ਪੜ੍ਹਨ ਨੂੰ ਜੀਅ ਕਰਦਾ ਹੈ। ਤੁਸੀਂ ਇਸਨੂੰ ਅੰਮ੍ਰਿਤ ਕੀਰਤਨ ਵਿੱਚ ਨਵੇਂ ਰੰਗ ਨਾਲ ਪ੍ਰਕਾਸ਼ਿਤ ਕਰਕੇ ਹੋਰ ਵੀ ਖਿੱਚ ਭਰਪੂਰ ਬਣਾ ਦਿੱਤਾਹੈ ਤੇ ਮੈ ਬਾਬੇ (ਗੁਰੂ ਨਾਨਕ ਦੇਵ ਜੀ) ਦੀ ਕੁਦਰਤ ਤੋਂ ਨਿਹਾਲ ਨਿਹਾਲ ਨਿਹਾਲ ਹੋ ਗਿਆ ਹਾਂ। ਇਸ ਪੱਤ੍ਰਿਕਾਜ਼ਰੀਏ ਤੁਸੀਂ ਜੋ ਸੇਵਾ ਨਿਭਾ ਰਹੇ ਹੋ ਉਹ ਬਾਕਮਾਲ ਹੈ।

ਸਰਬੱਤ ਦਾ ਭਲਾ

ਪ੍ਰੋ. ਨਵ ਸੰਗੀਤ ਸਿੰਘ

ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ

151302 (ਬਠਿੰਡਾ)

Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/

Date: February 28, 2015

Dr. Jagir Singh, Publisher

# ਮੇਰੀ ਪੂਨਾ ਕੀਰਤਨ ਯਾਤਰਾ

ਮੇਰੇ ਵਿਦਿਆਰਥੀ ਇੰਦਰਜੀਤ ਸਿੰਘ ਬੇਦੀ ਦੇ ਮਾਮਾ ਜੀ ਜੋ ਪੂਨਾ ਵਿਖੇ ਰਹਿੰਦੇ ਸਨ ਉਹਨਾਂ ਨੇ ਚੰਡੀਗੜ੍ਹ ਵਿੱਚ ਸਾਡਾ ਕੀਰਤਨ ਸੁਣਿਆ ਤਾਂ ਉਹਨਾਂ ਨੇ 1976 ਵਿੱਚਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਕੀਰਤਨ ਕਰਨ ਲਈ ਸਾਨੂੰ ਪੂਨਾ ਵਿੱਖੇਬੁਲਾਇਆ। ਅਸੀਂ ਚਾਅ ਚਾਅ ਨਾਲ ਚਾਰ ਪੰਜ ਦਿਨ ਪਹਿਲਾਂ ਹੀ ਪੂਨਾ ਪਹੁੰਚ ਗਏ। ਇੱਥੇਗਨੇਸ਼ ਪੇਠ ਵਿੱਚਵੱਡਾਗੁਰਦੁਆਰਾ ਹੈ। ਇੱਥੇਹੀ ਸਾਡੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ। ਅਸੀਂ ਅਗਲੇ ਦਿਨ ਤਿਆਰ ਬਰ ਹੋ ਕੇ ਕੀਰਤਨ ਕਰਨ ਲਈ ਪੁਛਿਆ ਤਾਂ ਇੱਥੇਦੇ ਗ੍ਰੰਥੀ ਸਾਹਿਬ ਨੇ ਕਿਹਾ ਕਿ ਆਪ ਨੇ ਸਿਰਫ ਗੁਰਪੁਬ ਵਾਲੇ ਦਿਨ ਕੀਰਤਨ ਕਰਨਾ ਹੈ। ਅਸੀਂ ਬੜੇ ਨਿਰਾਸ ਹੋਏ।ਇਹ ਗਿਆਨੀ ਜੀ ਜਿਹਨਾਂ ਨੂੰ ਪੰਡਤ ਜੀ ਵੀ ਕਿਹਾ ਜਾਂਦਾ ਸੀ। ਕੀਰਤਨ ਕਰਨ ਵਿੱਚਮਾਹਿਰ ਸਨ। ਬੜੀ ਬੁਲੰਦ ਆਵਾਜ਼ ਵਿੱਚ ਪ੍ਰਭਾਵਸ਼ਾਲੀ ਕੀਰਤਨ ਕਰਦੇ ਸਨ। ਸਾਡੀਆਂ ਉਮਰਾਂ ਵੇਖ ਕੇ ਉਹ ਸਾਨੂੰ ਕੀਰਤਨੀਆਂ ਸਮਝਣ ਲਈ ਤਿਆਰ ਹੀ ਨਹੀਂ ਸਨ।ਇਹ ਸ਼ਾਇਦ ਮੇਰੀ ਹਉਮੈ ਦਾ ਨਤੀਜਾ ਸੀ। ਚੰਡੀਗੜ੍ਹ ਦੀ ਸੰਗਤ ਨੇ ਜਿਹੜਾ ਪਿਆਰ ਸਤਿਕਾਰ ਦਿੱਤਾਸੀ ਸ਼ਾਇਦ ਉਸ ਕਰਕੇ ਮੈਂ ਆਪਣੇ ਆਪ ਨੂੰ ਕੁਝ ਵਧੇਰੇ ਹੀ ਸਮਝਣ ਲੱਗ ਪਿਆ ਸਾਂ। ਸਤਿਗੁਰੂ ਜੀ ਮੈਨੂੰ ਕੋਈ ਸਬਕ ਦੇਣਾ ਚਾਹੁੰਦੇ ਸਨ।ਬਹੁਤੀਆਂ ਪੜ੍ਹਾਈਆਂ ਅਤੇ ਸੰਗੀਤ ਵਿੱਚ ਮੁਹਾਰਤ ਹਾਸਲ ਕਰਨ ਨਾਲ ਹੀ ਕਾਮਯਾਬੀ ਨਹੀਂ ਮਿਲ ਜਾਂਦੀ ਉਸ ਲਈ ਨਿਮਰਤਾ ਨਾਲ ਗੁਰੂ ਅੱਗੇ ਅਰਦਾਸ ਕਰਕੇ ਗੁਰ ਪ੍ਰਸਾਦਿ ਦੀ ਮੰਗ ਕਰਨੀ ਚਾਹੀਦੀ। ਮਨ ਹੀ ਮਨ ਅਰਦਾਸ ਕੀਤੀ। ਅਜਿਹੇ ਸਮੇਂ ਮੈਨੂੰ ਗੁਰਬਾਣੀ ਦੀਆਂ ਇਹ ਤੁਕਾਂ ਬਹੁਤ ਯਾਦ ਆਉਂਦੀਆਂ ਹਨ–

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣ ਅਵਗੁਣ ਨ ਬਿਚਾਰੋ ਕੋਈ।

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤ ਏਹੀ।

ਦੂਜੇ ਦਿਨ ਪੰਡਤ ਜੀ ਨੇ ਬੁਲਾ ਕੇ ਪੁਛਿਆ ਕਿ ਕੀ ਅਸੀਂ ਆਸਾ ਦੀ ਵਾਰ ਦਾ ਕੀਰਤਨ ਕਰਾਂਗੇ। ਮੈਂ ਕਿਹਾ ਜੀ ਜ਼ਰੂਰ ਕਰਾਂਗੇ।

ਅਸਲ ਵਿੱਚਮੈਨੂੰ ਆਸਾ ਦੀ ਵਾਰ ਦਾ ਕੀਰਤਨ ਕਰਨ ਦਾ ਹਮੇਸ਼ਾ ਹੀ ਚਾਅ ਰਹਿੰਦਾ ਹੈ। ਮੇਰੀ ਸਿਖਲਾਈ ਹੀ ਇੱਸਕੀਰਤਨ ਤੋਂ ਹੋਈ ਸੀ। ਸਾਡੇ ਪਿਤਾ ਜੀ ਭਾਈ ਉਤਮ ਸਿੰਘ ਜੀ ਪਤੰਗ ਦੇ ਅਨੇਕਾਂ ਹੀ ਸ਼ਗਿਰਦ ਸਨ ਉਹ ਉਹਨਾਂ ਨੂੰ ਕੀਰਤਨ ਸਿਖਾਉਣ ਲਈ ਇਕ ਸੰਪੂਰਨ ਵਿਧੀ ਅਪਨਾਉਂਦੇ ਸਨ। ਪਹਿਲਾਂ ਸਿਖਿਆਰਥੀ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਜਥੇ ਦੇ ਪਿਛੇ ਬੈਠ ਕੇ ਸਿਰਫ ਆਸਾ ਦੀ ਵਾਰ ਦੀ ਪਉੜੀ ਦਾ ਉਚਾਰਨ ਕਰਨਾ ਸਿਖਾਉਂਦੇ ਸਨ।ਉਸ ਤੋਂ ਬਾਅਦ ਉਸਨੂੰ ਸਲੋਕ ਗਾਇਨ ਕਰਨ ਦੀ ਆਗਿਆ ਹੁੰਦੀ। ਫਿਰ ਜੇ ਸਹਾਇਕ ਰਾਗੀ ਛੁੱਟੀਤੇ ਜਾਂਦਾ ਤਾਂ ਇਹ ਸਿੱਖਿਆਰਥੀਉਸ ਦੀ ਥਾਂ ਤੇ ਕੀਰਤਨ ਕਰਦਾ। ਇਸ ਨਾਲ ਸਿਖਿਆਰਥੀ ਨੂੰ ਪਹਿਰਾਵੇ, ਸੰਗਤ ਵਿੱਚਵਿਚਰਨ, ਦੋ ਢਾਈ ਘੰਟੇ ਕੀਰਤਨ ਵਿੱਚਅਡੋਲ ਬੈਠਣ,

ਵਾਜਾ ਬੰਨ੍ਹਣ ਖੋਲ੍ਹਣ ਦੀ ਸਿਖਲਾਈ ਪ੍ਰਾਪਤ ਹੁੰਦੀ। ਪਿਤਾ ਜੀ ਅਨੁਸਾਰ ਕੀਰਤਨ ਕੇਵਲ ਸ਼ਬਦ ਗਾਇਨ ਨਹੀਂ ਸੀ ਸਗੋਂ ਇੱਕਸੰਪੂਰਨ ਜੀਵਨ ਵਿਧੀ ਸੀ।

ਖੈਰ, ਦੂਜੇ ਦਿਨ ਪੂਨਾ ਦੇ ਗੁਰਦੁਆਰਾ ਗਨੇਸ਼ ਪੇਠ ਵਿਖੇ ਸਾਡਾ ਪਹਿਲਾ ਕੀਰਤਨ ਸੀ। ਅਸੀਂ ਅਰਦਾਸ ਕਰਕੇ ਨਿਮਰਤਾ ਸਹਿਤ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ। ਥੋਹੜੀ ਦੇਰ ਵਿੱਚਪੰਡਤ ਜੀ ਵੀ ਸਾਹਮਣੇ ਆ ਕੇ ਬੈਠ ਗਏ। ਅਸੀਂ ਆਪਣੀ ਮਗਨਤਾ ਵਿੱਚ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਪੰਡਤ ਜੀ ਨੇ ਬੜਾ ਪਿਆਰ ਕੀਤਾ। ਕਹਿਣ ਲੱਗੇ-ਆਮ ਰਾਗੀ ਤਾਂ ਆਸਾ ਦੀ ਵਾਰ ਦਾ ਕੀਰਤਨ ਕਰਨ ਤੋਂ ਝਿਜਕਦੇ ਹਨ ਪਰ ਤੁਸੀਂ ਤਾਂ ਨਿਪੁਣ ਰਾਗੀਆਂ ਵਾਂਗ ਕੀਰਤਨ ਕੀਤਾ ਹੈ। ਤੇ ਨਾਲ ਹੀ ਕਿਹਾ ਕਿ ਹੁਣ ਤੁਸੀਂ ਸਵੇਰੇ ਸ਼ਾਮ ਕੀਰਤਨ ਕਰੋਗੇ। ਸਗੋਂ ਉਹਨਾਂ ਨੇ ਗੁਰਦੁਆਰਾ ਹਾਲੀਵੁੱਡਦੇ ਪ੍ਰਬੰਧਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਕੀਰਤਨ ਕਰਨ ਲਈ ਸਾਡੇ ਰਾਗੀ ਜਥੇ ਦੀ ਸਿਫਾਰਿਸ਼ ਕੀਤੀ। ਪੰਡਤ ਜੀ ਸਾਡੇ ਰਾਗ ਭਟਿਆਰ ਵਿੱਚ ਗਾਇਨ ਕੀਤੇ ਸ਼ਬਦ ਦੀ ਵਿਸ਼ੇਸ਼ ਪ੍ਰਸ਼ੰਸਾ ਕਰਦੇ ਸਨ।

ਇਸੇ ਸਾਲ ਨਵੰਬਰ ਵਿੱਚਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਗੁਰਦੁਆਰਾ ਹਾਲੀਵੁਡ ਪੂਨਾ ਵਿੱਚ ਪਹੁੰਚ ਗਏ। ਇਥੇ ਇੱਕ ਸਜਣ ਐਮ, ਐਸ, ਅਡਵਾਨੀ ਸਾਡਾ ਕੀਰਤਨ ਰਿਕਾਰਡ ਕਰਦੇ ਰਹੇ। ਇਹਨਾਂ ਨਾਲ ਬਹੁਤ ਪ੍ਰੇਮ ਪੈ ਗਿਆ। ਇਹ ਬਹੁਤ ਸੁਲਝੇ ਹੋਏ ਸੱਜਣਸਨ। ਇਹ ਸਿੰਧੀ ਸਨ। ਗੁਰਬਾਣੀ ਦੀ ਇਹਨਾਂ ਨੂੰ ਡੂੰਘੀ ਸਮਝ ਸੀ। ਇਹਨਾਂ ਨਾਲ ਚਿਠੀ ਪੱਤਰਸ਼ੁਰੂ ਹੋ ਗਿਆ। ਇਹ ਪੱਤਰਅੰਗਰੇਜ਼ੀ ਵਿੱਚਲਿਖਦੇ ਸਨ। ਬਹੁਤ ਸੁੰਦਰ ਲਿਖਾਈ ਤੇ ਵਿਚਾਰ ਹੋਰ ਵੀ ਸੁੰਦਰ ਸਨ। ਮੈਂ ਪੰਜਾਬੀ ਵਿੱਚਉੱਤਰਦਿੰਦਾਸਾਂ। ਚਿੱਠੀਆਂਰਾਹੀਂ ਅਸੀਂ ਚਰਚਾ ਕਰਦੇ ਰਹਿੰਦੇ ਸਾਂ। ਬਾਅਦ ਵਿੱਚ ਇਹ ਅਮਰੀਕਾ ਚਲੇ ਗਏ। ਉਥੇ ਵੀ ਇਹਨਾਂ ਨਾਲ ਸੰਪਰਕ ਕਾਇਮ ਰਿਹਾ। ਅਸੀਂ 1985 ਵਿੱਚ ਜਦੋਂ ਅਮਰੀਕਾ ਗਏ ਤਾਂ ਇਹਨਾਂ ਨੇ ਕੁਝ ਸ਼ਬਦਾਂ ਦੇ ਕੀਰਤਨ ਦੀ ਵਿਸ਼ੇਸ਼ ਕੈਸਟ ਤਿਆਰ ਕਰਵਾਈ ਸੀ। ਮੈਂ ਇਹਨਾਂ ਨੂੰ ਮੈਰੀਲੈਂਡ ਵਿੱਚ ਮਿਲ ਕੇ ਵੀ ਆਇਆ ਸਾਂ। ਬਾਅਦ ਵਿੱਚ ਉਹਨਾਂ ਨਾਲ ਸੰਪਰਕ ਨਹੀਂ ਹੋਇਆ। ਪੂਨਾ ਫੇਰੀਆਂ ਦੀ ਯਾਦ ਵਿੱਚਪੰਡਤ ਜੀ, ਅਡਵਾਨੀ ਜੀ ਅਤੇ ਗਨੇਸ਼ ਪੇਠ ਦੇ ਸਾਹਮਣੇ ਉੱਤਮ ਸਵੀਟ ਵਾਲੇ ਸਰਦਾਰ ਸਾਹਿਬ ਦੀ ਯਾਦ ਮਨ ਵਿੱਚਵੱਸੀ ਹੋਈ ਹੈ। ਭਾਵੇਂ ਵਧਣਾ ਤਾਂ ਅੱਗੇ ਨੂੰ ਚਾਹੀਦਾ ਹੈ ਪਰ ਪਿਛਲੀਆਂ ਸੁਖਾਵੀਆਂ ਯਾਦਾਂ ਵੀ ਹੁਲਾਰਾ ਦੇ ਹੀ ਦਿੰਦੀਆਂ ਹਨ। ਭੁੱਲਚੁੱਕਖਿਮਾ।

# ਗੁਰਬਾਣੀ ਵਿੱਚ ਨਾਰੀ ਚੇਤਨਾ

ਪ੍ਰੋ. ਨਵ ਸੰਗੀਤ ਸਿੰਘ

ਔਰਤ ਅਤੇ ਮਰਦ ਪ੍ਰਕਿਰਤੀ ਦੇ ਆਧਾਰ-ਸਤੰਭ ਹਨ। ਸਾਰੀ ਸ੍ਰਿਸ਼ਟੀ, ਚਾਹੇ ਉਹ ਬਨਸਪਤੀ ਹੈ, ਚਾਹੇ ਪ੍ਰਾਣੀ-ਜਗਤ ਸਭ ਦਾ ਮੂਲ ਨਰ ਅਤੇ ਨਾਰੀ ਦਾ ਸੰਜੋਗ ਹੈ। ਮਾਨਵ-ਸਮਾਜ ਦਾ ਅੱਧਾਹਿੱਸਾਨਾਰੀ ਹੈ ਤੇ ਅੱਧਾਨਰ , ਪਰ ਜਨਨੀ ਅਤੇ ਪਾਲਣਹਾਰੀ ਹੋਣ ਕਰਕੇ ਕਈ ਪੱਖਾਂਤੋਂ ਨਾਰੀ ਦਾ ਮਹੱਤਵਵਧੇਰੇ ਹੈ।

ਜੇਕਰ ਪੁਰਾਤਨ ਇਤਿਹਾਸ , ਮਿਥਿਹਾਸ, ਧਰਮ ਤੇ ਦਰਸ਼ਨ ਨੂੰ ਵਾਚੀਏ ਤਾਂ ਪਤਾ ਲੱਗਦਾਹੈ ਕਿ ਨਾਰੀ ਹਮੇਸ਼ਾਂ ਪੁਰਸ਼ ਦੇ ਨਾਲ ਨਾਲ ਰਹੀ ਹੈ। ਔਰਤ ਮਰਦ ਦੇ ਸੰਜੋਗ ਨਾਲ ਹੀ ਸ੍ਰਿਸ਼ਟੀ ਰਚਨਾ ਹੋਈ ਹੈ। ਧਰਮ, ਸਾਹਿਤ, ਦਰਸ਼ਨ, ਪੌਰਾਣ, ਚਿੱਤਰਕਲਾ, ਸ਼ਿਲਪ ਕਲਾ ਆਦਿ ਵਿੱਚ ਇਸੇ ਭਾਵ ਨੂੰ ਰੇਖਾਂਕਿਤ ਕੀਤਾ ਗਿਆ ਹੈ।

ਬੇਸ਼ੱਕ ਇਹ ਸਾਰੀਆਂ ਗਵਾਹੀਆਂ ਇਸਤਰੀਆਂ ਦੀ ਪੁਰਸ਼ ਨਾਲ ਹਮਦਰਦੀ ਦੀ ਗਵਾਹੀ ਭਰਦੀਆਂ ਹਨ, ਪਰ ਫਿਰ ਵੀ ਔਰਤ ਦੀ ਸਥਿਤੀ ਨਿਰਾਸ਼ਾਜਨਕ ਹੀ ਰਹੀ ਹੈ। ਜਿਵੇਂ ਜਿਵੇਂ ਮਨੁੱਖ ਨੇ ਸਮਾਜਿਕ ਸੰਗਠਨਾਂ ਦੇ ਰੂਪ ਵਿੱਚ ਰਹਿਣਾ ਸ਼ੁਰੂ ਕੀਤਾ, ਸਮਾਜ ਦਾ ਵਿਕਾਸ ਹੁੰਦਾ ਗਿਆ ਪਰ ਮਰਦ-ਔਰਤ ਦੇ ਰਿਸ਼ਤੇ ਜਟਿਲ ਹੁੰਦੇ ਗਏ। ਨਵੇਂ ਨਵੇਂ ਰਿਸ਼ਤੇ ਹੋਂਦ ਵਿੱਚ ਆਏ, ਨਾਤੇਦਾਰੀਆਂ ਸਥਾਪਤ ਹੋਈਆਂ ਅਤੇ ਇਨ੍ਹਾਂ ਨੂੰ ਨਿਭਾਉਣ ਲਈ ਮਰਯਾਦਾਵਾਂ ਸਥਾਪਤ ਹੋਈਆਂ। ਇੱਕਨਰੋਏ ਸਮਾਜ ਦੇ ਨਾਲ ਬਹੁਤ ਸਾਰੇ ਸਮਾਜਿਕ ਪ੍ਰਬੰਧ ਹੋਂਦ ਵਿੱਚ ਆਏ, ਕੁਝ ਮਨਾਹੀਆਂ ਸਿਰਜੀਆਂ ਗਈਆਂ ਅਤੇ ਸਮੁੱਚਾ ਮਾਨਵ ਜੀਵਨ ਨਿਯਮਬੱਧ ਹੋ ਗਿਆ। ਇਸਤਰੀ ਅਤੇ ਪੁਰਖ ਵਿੱਚਕਾਰ ਕਰਤੱਵਾਂ ਅਤੇ ਅਧਿਕਾਰਾਂ ਦੀ ਵੰਡ ਹੋਈ, ਜਿਸ ਵਿੱਚਮਹੱਤਵਪੂਰਣਰੁਤਬੇ ਮਰਦ ਨੇ ਹਥਿਆ ਲਏ ਅਤੇ ਬਾਕੀ ਔਰਤ ਦੇ ਹਿੱਸੇ ਆਏ। ਹੌਲੀ-ਹੌਲੀ ਮਰਦ-ਔਰਤ ਵਿਚਲੀ ਸਮਾਨਤਾ ਘਟਦੀ ਗਈ। ਮਰਦ ਦਾ ਅਧਿਕਾਰ ਵਧਦਾ ਗਿਆ ਤੇ ਉਹ ਮਾਲਕ ਬਣਦਾ ਗਿਆ, ਜਦ ਕਿ ਔਰਤ ਗੁਲਾਮ ਬਣਦੀ ਗਈ। ਮਰਦ ਨੇ ਧਰਮ, ਸਾਹਿਤ, ਦਰਸ਼ਨ ਕਲਾ ਆਦਿ ਖੇਤਰਾਂ ਨੂੰ ਆਪਣੇ ਪੱਖ ਵਿੱਚ ਕਰ ਲਿਆ। ਲਗਭਗ ਹਰ ਧਰਮ/ਦੇਸ਼ ਵਿੱਚ ਔਰਤ ਨੂੰ ਉਹਦਾ ਬਣਦਾ ਹੱਕ ਨਹੀਂ ਦਿੱਤਾ ਗਿਆ। 'ਮਨੂੰ ਸਿਮ੍ਰਤੀ' ਵਿੱਚ ਤਾਂ ਔਰਤ ਨੂੰ ਦਲਿਤ ਜਿਹਾ ਰੁਤਬਾ ਦਿੱਤਾਗਿਆ ਹੈ। "ਬਚਪਨ ਵਿੱਚਇਸਤਰੀ ਪਿਤਾ ਦੇ ਅਧੀਨ ਰਹੇ, ਜਵਾਨੀ ਵਿੱਚਪਤੀ ਦੇ ਅਧੀਨ ਅਤੇ ਪਤੀ ਦੇ ਪ੍ਰਲੋਕ ਸਿਰਾਰਨ ਤੇ ਉਹ ਪੁੱਤਰਾਂਦੇ ਅਧੀਨ ਰਹੇ। ਇਸਤਰੀ ਕਦੇ ਸੁਤੰਤਰ ਨਾ ਹੋ ਸਕੇ।

ਇਵੇਂ ਹੀ ਹੋਰਨਾਂ ਮਤ-ਮਤਾਂਤਰਾਂ ਵਿੱਚਵੀ ਔਰਤ ਦੀ ਪਾਕੀਜ਼ਗੀ ਕੋਈ ਅਰਥ ਨਹੀਂ ਰੱਖਦੀਅਤੇ ਇਸਨੂੰ ਗੈਰ ਇਖਲਾਕੀ ਅਤੇ ਗਵਾਰ ਮੰਨਿਆ ਗਿਆ। ਬੁੱਧਮਤ ਵਿੱਚਇਸਤਰੀ ਨੂੰ ਜ਼ਹਿਰ ਮੰਨਿਆ ਹੈ; ਇਸਲਾਮ ਵਿੱਚਦੋ ਔਰਤਾਂ ਦੀ ਗਵਾਹੀ ਇਕ ਮਰਦ ਦੇ ਬਰਾਬਰ ਹੈ; ਜੈਨ ਮੱਤ ਵਿੱਚ ਵਿਸ਼ਵਾਸ ਹੈ ਕਿ ਔਰਤ ਦਾ ਕਦੇ ਕਲਿਆਣ ਨਹੀਂ ਹੋ ਸਕਦਾ; ਜੋਗ ਮੱਤ ਵਿੱਚਔਰਤ ਨੂੰ ਮੁਕਤੀ ਦੇ ਰਾਹ ਵਿੱਚ ਰੁਕਾਵਟ ਮੰਨਿਆ ਗਿਆ ਹੈ ਅਤੇ ਇਸਨੂੰ ਨਾਗਣ, ਬਾਘਣ ਤੇ ਸੱਪਣੀਜਿਹੇ ਘ੍ਰਿਣਾਜਨਕ ਵਿਸ਼ੇਸ਼ਣ ਦਿੱਤੇਗਏ ਹਨ।

ਪੰਦਰ੍ਹਵੀਂ ਸਦੀ ਦੇ ਦੂਜੇ ਅੱਧ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ, ਔਰਤ ਦੀ ਹਾਲਤ ਬਹੁਤ ਤਰਸਯੋਗ ਸੀ। ਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਕ ਨਰੋਏ ਅਤੇ ਅਰੋਗ ਸਮਾਜ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਇਸਤਰੀ ਦਾ ਸਤਿਕਾਰ ਕਾਇਮ ਰੱਖਿਆਜਾਵੇ। ਉਨ੍ਹਾਂ ਨੇ ਇਸ ਮਹੱਤਵਨੂੰ ਦ੍ਰਿੜ ਕਰਵਾਉਂਦਿਆਂ ਸਪਸ਼ਟ ਕੀਤਾ ;

ਭੰਡਿ ਜੰਮੀਐ ਭੰਡਿ ਨਿੰਮਿਐ ਭੰਡਿ ਮੰਗਣੁ ਵੀਆਹੁ ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੩)

ਗੁਰੂ ਨਾਨਕ ਦੇਵ ਜੀ ਨੇ ਨਾਰੀ ਬਾਰੇ ਉਕਤ ਵੀਚਾਰ ਹੀ ਨਹੀਂ ਦਿੱਤੇ ਸਗੋਂ ਸਾਰੀ ਉਮਰ ਇਸ ਉੱਤੇ ਪਹਿਰਾ ਵੀ ਦਿੱਤਾ। ਉਨ੍ਹਾਂ ਨੇ ਖੁਦ ਆਪਣੀ ਮਾਤਾ ਤ੍ਰਿਪਤਾ, ਭੈਣ ਨਾਨਕੀ ਅਤੇ ਸੁਪਤਨੀ ਸੁਲੱਖਣੀਜੀ ਦਾ ਸਤਿਕਾਰ ਕਾਇਮ ਰੱਖਿਆ। ਗੁਰੂ ਜੀ ਨੇ ਇਸਤਰੀ ਜਾਤੀ ਪ੍ਰਤੀ ਆਪਣੀ ਬਾਣੀ ਵਿੱਚ ਅਨੇਕ ਸਿਧਾਂਤਾਂ ਦਾ ਪ੍ਰਤਿਪਾਦਨ ਕੀਤਾ ਅਤੇ ਸੁਚੱਜੇ ਜੀਵਨ ਦੀਆਂ ਜੁਗਤੀਆਂ ਦੱਸੀਆਂ ਤਾਂ ਕਿ ਔਰਤਾਂ ਨੂੰ ਆਪਣੀ ਖੁਸੀ ਹੋਈ ਆਦਰਯੋਗ ਥਾਂ ਪ੍ਰਾਪਤ ਹੋ ਸਕੇ।

ਗੁਰੂ ਅੰਗਦ ਦੇਵ ਜੀ ਨੇ ਔਰਤ ਦੀ ਸਨਮਾਨ-ਬਹਾਲੀ ਲਈ ਕੁਝ ਹੋਰ ਠੋਸ ਕਦਮ ਉਠਾਏ। ਆਪ ਨੇ ਸਮਾਜਿਕ ਨਾ-ਬਰਾਬਰੀ, ਛੂਤਛਾਤ ਅਤੇ ਊਚ ਨੀਚ ਦਾ ਵਿਤਕਰਾ ਖਤਮ ਕਰਨ ਲਈ ਲੰਗਰ-ਪ੍ਰਥਾ ਦੀ ਸਥਾਪਨਾ ਕੀਤੀ ਅਤੇ ਲੰਗਰ ਵਿੱਚ ਔਰਤਾਂ ਨੂੰ ਉਚਿਤ ਸਥਾਨ ਦੇ ਕੇ ਸਮਾਜਿਕ ਜੀਵਨ ਦਾ ਅਨਿੱਖੜ ਅੰਗ ਬਣਾਇਆ। ਸੱਤਾ ਬਲਵੰਡ ਰਚਿਤ 'ਰਾਮਕਲੀ ਕੀ ਵਾਰ' ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ;

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ ॥ (ਗੁਰੂ ਗ੍ਰੰਥ ਸਾਹਿਬ, ਪੰਨਾ ੯੬੭)

ਗੁਰੂ ਅਮਰਦਾਸ ਜੀ ਨੇ ਭਾਰਤ ਵਿੱਚ ਪ੍ਰਚੱਲਿਤ ਸਤੀ-ਪ੍ਰਥਾ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਤੇ ਸਮਝਾਇਆ ਕਿ ਪਤੀ ਦੀ ਚਿਖਾ ਵਿੱਚ ਸੜ ਮਰਨ ਵਾਲੀ ਪਤਨੀ ਸਤੀ ਨਹੀਂ ਹੁੰਦੀ, ਸਗੋਂ ਪਤੀ ਦੇ ਵਿਜੋਗ ਨੂੰ ਪਲ ਪਲ ਜਰਨ ਵਾਲੀ, ਸ਼ੀਲਤਾ ਅਤੇ ਸੰਤੋਖ ਧਾਰਨ ਕਰਨ ਵਾਲੀ ਔਰਤ ਹੀ ਅਸਲ ਵਿੱਚ ਸਤੀ ਅਖਵਾਉਣ ਦੀ ਹੱਕਦਾਰ ਹੈ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੭)

ਗੁਰਬਾਣੀ ਵਿੱਚ ਇਕ ਪਾਸੇ ਜਿਥੇ ਇਸਤਰੀ ਦੇ ਪ੍ਰਸੰਗ ਵਿੱਚ ਮਨੁੱਖ ਜਾਤੀ ਦੇ ਆਚਾਰ-ਅੰਗਾਂ ਦਾ ਵਰਣਨ ਹੈ, ਉਥੇ ਦੂਜੇ ਪਾਸੇ ਇਸਤਰੀ ਲਈ ਵੀ ਆਚਾਰ-ਪਾਲਣ ਦੀ ਸਿੱਖਿਆ ਦਿੱਤੀ ਗਈ ਹੈ। ਦੇਸ਼ ਵਿੱਚ ਪ੍ਰੱਚਲਿਤ ਸਤੀ-ਪ੍ਰਥਾ ਨੂੰ ਗੁਰਬਾਣੀ ਵਿੱਚ ਕਬੂਲ ਨਹੀ਼ ਕੀਤਾ ਗਿਆ। ਗੁਰਬਾਣੀ ਵਿੱਚ ਇਸਨੂੰ ਹੀਣ-ਕਰਮ ਕਿਹਾ ਗਿਆ ਹੈ:

ਜਲੈ ਨਾ ਪਾਈਐ ਰਾਮ ਸਨੇਹੀ॥

ਕਿਰਤਿ ਸੰਜੋਗਿ ਸਤੀ ਉਠਿ ਹੋਈ॥ ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮੫)

ਗੁਰਬਾਣੀ ਵਿੰਚ ਚੰਗੀਆਂ ਇਸਤਰੀਆਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਸੁਹਾਗਣ, ਸੁਚੱਜੀ, ਗੁਣਵੰਤੀ, ਗੁਰਮੁਖ, ਸਿਆਣੀ, ਸੀਲਵੰਤੀ, ਆਚਾਰਵੰਤੀ, ਜਨਨੀ ਜਿਹੇ ਵਿਸ਼ੇਸ਼ਣਾ ਨਾਲ ਸੰਬੋਧਿਤ ਕੀਤਾ ਗਿਆ ਹੈ ਅਤੇ ਭੈੜੀਆਂ ਇਸਤਰੀਆਂ ਨੂੰ ਦੁਹਾਗਣ, ਛੁੱਟੜ, ਕੁਚੱਜੀ, ਮਨਮੁਖ, ਔਗਣਹਾਰੀ, ਬਿਰਹਨ, ਵਿਧਵਾ ਆਦਿ ਸ਼ਬਦਾਂ ਰਾਹੀ ਨਿੰਦਿਆ ਗਿਆ ਹੈ।

ਗੁਰਬਾਣੀ ਵਿੱਚ ਔਰਤ ਨੂੰ ਮਰਦ ਦਾ ਇਮਾਨ ਰੱਖਣਵਾਲੀ ਵਜੋਂ ਚਿਤਰਿਆ ਗਿਆ ਹੈ। ਉਹ ਕਿਸੇ ਵੀ ਤਰ੍ਹਾਂ ਮਨੁੱਖ ਦੇ ਧਰਮ ਵਿੱਚ ਰੁਕਾਵਟ ਨਹੀਂ ਬਣਦੀ। ਗੁਰੂ ਅਮਰਦਾਸ ਜੀ ਆਦਰਸ਼ ਪਤੀ-ਪਤਨੀ ਦੀ ਰੂਪ ਰੇਖਾ ਉਲੀਕਦੇ ਹੋਏ ਦ੍ਰਿੜ੍ਹ ਕਰਵਾਉਂਦੇ ਹਨ।

ਧਨ ਪਿਰੁ ਏਹਿ ਨਾ ਆਖੀਅਨਿ ਬਹਿਨਿ ਇਕਠੇ ਹੋਇ ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੮)

ਜਿਥੇ ਹੋਰਨਾਂ ਮੱਤ-ਮਤਾਂਤਰਾਂ ਵਿੱਚ ਔਰਤ ਨੂੰ ਅਧੂਰੀ, ਮੁਕਤੀ ਦੇ ਰਾਹ ਵਿੱਚ ਰੁਕਾਵਟ ਖਿਆਲ ਕੀਤਾ ਗਿਆ ਹੈ, ਉਥੇ ਗੁਰਮਤਿ ਵਿੱਚ ਉਸਨੂੰ ਬੱਤੀ ਸੁਲੱਖਣੀ ਅਤੇ ਸਦ-ਗੁਣਾਂ ਨਾਲ ਭਰਪੂਰ ਆਖ ਕੇ ਔਰਤ ਦਾ ਸਨਮਾਨ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਅਜਿਹੀ ਸਦਗੁਣਾਂ ਵਾਲੀ ਔਰਤ ਜਿਸ ਘਰ ਵਿੱਚ ਆਵੇਗੀ ਉਥੇ ਸੁਖ, ਸ਼ਾਂਤੀ, ਖੁਸ਼ਹਾਲੀ ਅਤੇ ਖੇੜਾ ਬਣਿਆ ਰਹੇਗਾ:

ਬਤੀਹ ਸੁਲਖਣੀ ਸਚੁ ਸੰਤਤਿ ਪੂਤ॥

ਆਗਿਆਕਾਰੀ ਸੁਘੜ ਸਰੂਪ॥

ਇਛ ਪੂਰੇ ਮਨ ਕੰਤ ਸੁਆਮੀ॥

ਸਗਲ ਸੰਤੋਖੀ ਦੇਰ ਜਠਾਨੀ॥

ਸਭ ਪਰਵਾਰੈ ਮਾਹਿ ਸਰੇਸਟ॥

ਮਤੀ ਦੇਵੀ ਦੇਵਰ ਜੇਸਟ॥

ਧਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥

ਜਨ ਨਾਨਕ ਸੁਖੇ ਸੁਖਿ ਵਿਹਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭੧)

ਗੁਰੂ ਨਾਨਕ ਦੇਵ ਜੀ ਦੇ ਸਮੈਂ ਵਿੱਚ ਜੋਗ ਮੱਤ ਦਾ ਕਾਫੀ ਬੋਲ ਬਾਲਾ ਸੀ। ਜੋਗੀ ਗ੍ਰਿਹਸਥ ਜੀਵਨ ਦਾ ਤਿਆਗ ਕਰਕੇ ਸਮਾਜ ਤੋਂ ਦੂਰ ਭੱਜ ਕੇ ਜੰਗਲਾਂ ਵਿੱਚ ਬੈਠੇ ਸਨ, ਪਰ ਉਨ੍ਹਾਂ ਦੀ ਖਾਣ, ਪੀਣ ਤੇ

ਪਹਿਨਣ ਦੀ ਇੱਛਾ ਗ੍ਰਹਿਸਥੀਆਂ ਵਰਗੀ ਹੀ ਸੀ। ਗੁਰੂ ਜੀ ਨੇ ਸਮਝਾਇਆ ਕਿ ਇਹ ਕੋਈ ਉਸਾਰੂ ਮਾਰਗ ਨਹੀਂ ਹੈ।

ਜਤੀ ਸਾਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰ ਬਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੯)

ਇਹ ਤੱਥਵੀ ਔਰਤ ਦੇ ਹੱਕਅਤੇ ਮਹਾਨਤਾ ਵਿੱਚਜਾਂਦਾ ਹੈ ਕਿ ਸਮੂਹ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿੱਚਪ੍ਰਗਟ ਕਰਕੇ ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਨੂੰ ਪਤੀ ਪਤਨੀ ਦੇ ਰੂਪ ਵਿੱਚਉਲੀਕਿਆ ਹੈ।

ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੧)

ਇਸ ਪ੍ਰਕਾਰ ਗੁਰਬਾਣੀ ਵਿਚਲੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਨੇ ਨਾਰੀ ਪ੍ਰਤੀ ਸਤਿਕਾਰ ਅਤੇ ਸਨਮਾਨ ਦੀ ਗੱਲਕੀਤੀ ਹੈ।

**ਆਧਾਰ ਗ੍ਰੰਥ ਅਤੇ ਪੁਸਤਕਾਂ**


- ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
- ਅਵਤਾਰ ਸਿੰਘ (ਡਾ.) ਮੇਰਾ ਧਰਮ ਮੇਰਾ ਇਤਿਹਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996
- ਕਿਰਪਾਲ ਸਿੰਘ ਬਡੂੰਗਰ (ਪ੍ਰੋ) ਗੁਰਮਤਿ ਸੰਗੀਤ ਵਿੱਚ ਇਸਤਰੀ ਦਾ ਮਹੱਤਵ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996
- ਕੁਲਦੀਪ ਕੌਰ (ਡਾ.) ਸਾਡਾ ਵਿਰਸਾ : ਗੁਰਮਤਿ ਪਰਿਪੇਖ, ਸੰਗਮ, ਪਬਲੀਕੇਸ਼ਨਜਖ਼ਜ਼, ਪਟਿਆਲਾ, 2014
- ਤ੍ਰਿਪਤ ਕੌਰ (ਡਾ.) ਆਦਿ ਗ੍ਰੰਥ ਵਿੱਚ ਇਸਤਰੀ ਦਾ ਸੰਕਲਪ , ਭਾਸ਼ਾ ਵਿਭਾਗ, ਪੰਜਾਬ , ਪਟਿਆਲਾ, 2004
- ਬਲਵਿੰਦਰ ਕੌਰ ਬਰਾੜ (ਡਾ.) ਨਾਰੀਵਾਦ : ਸਿਧਾਂਤ, ਚਿੰਤਨ ਅਤੇ ਵਿਹਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002


**ਪੱਤ੍ਰਿਕਾ**


- ਸਿੱਖ ਇਸਤਰੀ ਵਿਸ਼ੇਸ਼ ਅੰਕ (ਭਾਗ ਪਹਿਲਾ), ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, 1979।



ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ 151302 (ਬਠਿੰਡਾ)

# ਸੁਖਮਨੀ ਸਾਹਿਬ ਵਿਚ ਸੁਖ ਦਾ ਸੰਕਲਪ

ਡਾ. ਕੁਲਦੀਪ ਕੌਰ

ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈ.) ਬਹੁਪੱਖੀ ਸ਼ਖਸੀਅਤ ਦੇ ਧਾਰਨੀ ਸਨ। ਜਿਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਹ ਰਾਗਾਂ ਵਿਚ ਸਭ ਤੋਂ ਵਧੀਕ ਬਾਣੀ ਦੀ ਰਚਨਾ ਕੀਤੀ, ਉਥੇ ਉਨ੍ਹਾਂ ਨੇ ਇੱਕ ਸੁਯੋਗ ਸੰਪਾਦਕ ਦੀ ਹੈਸੀਅਤ ਵਿਚ ਇਸ ਮਹਾਨ ਗ੍ਰੰਥ ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਨੂੰ ਬਾਣੀ ਦੇ ਬੋਹਿਥ, ਪ੍ਰਤੱਖ ਹਰਿ ਅਤੇ ਸਹਿਨਸ਼ੀਲਤਾ ਦੇ ਸ਼ਿਖ਼ਰ ਆਦਿ ਲਕਬਾਂ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਬਾਣੀਆਂ ਵਿਚ ਸੁਖਮਨੀ, ਬਾਵਨ ਅੱਖਰੀ, ਬਾਰਾਮਾਹ ਆਦਿ ਪ੍ਰਮੁਖ ਹਨ।

ਸੁਖਮਨੀ, ਜਿਸਨੂੰ ਸਤਿਕਾਰ ਵਜੋਂ ਸੁਖਮਨੀ ਸਾਹਿਬ ਵੀ ਕਿਹਾ ਜਾਂਦਾ ਹੈ, ਸਿੱਖ ਧਰਮ ਦੀਆਂ ਬਾਣੀਆਂ ਵਿਚੋਂ ਇਕ ਪ੍ਰਧਾਨ ਬਾਣੀ ਹੈ, ਜਿਸਦੀ ਰਚਨਾ ਗਉੜੀ ਰਾਗ ਵਿਚ ਕੀਤੀ ਗਈ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 262 ਤੋਂ 296 ਉੱਤੇ ਸੁਭਾਇਮਾਨ ਹੈ। ਭਾਵੇਂ ਇਹ ਬਾਣੀ ਨਿਤਨੇਮ ਵਿਚ ਦਰਜ ਨਹੀਂ, ਤਾਂ ਵੀ ਕੁਝ ਗੁਰਮੁਖ ਇਸਦਾ ਪਾਠ ਨਿਤਨੇਮ ਵਜੋਂ ਕਰਦੇ ਹਨ। ਇਹ ਵੀ ਮਾਨਤਾ ਹੈ ਕਿ ਪ੍ਰਭਾਤ ਦੇ ਪਹਿਲੇ ਪਹਿਰ ਵਿਚ ਇਸ ਬਾਣੀ ਦਾ ਉਚਾਰਣ ਜਾਂ ਸ੍ਰਵਣ ਵਿਅਕਤੀ ਦੇ ਮਨ ਵਿਚ ਸ਼ਾਤੀ ਦੇ ਭਾਵ ਉਜਾਗਰ ਕਰਦਾ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ ਕਿ ਗਉੜੀ ਰਾਗ ਸਰਦੀਆਂ ਦੀ ਰੁੱਤ ਵਿਚ ਪ੍ਰਭਾਤ ਸਮੇਂ ਗਾਇਆ ਜਾਣ ਵਾਲਾ ਰਾਗ ਹੈ, ਪ੍ਰੰਤੂ ਸਿੱਖ ਜਗਤ ਵਿਚ ਇਸ ਬਾਣੀ ਦੇ ਉਚਾਰਣ ਲਈ ਕੋਈ ਵਿਸ਼ੇਸ਼ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ। ਅਰਥਾਤ ਇਸ ਬਾਣੀ ਨੂੰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਪੜ੍ਹਿਆ, ਸੁਣਿਆ ਅਤੇ ਗਾਇਆ ਜਾ ਸਕਦਾ ਹੈ।

ਇਸ ਬਾਣੀ ਦੀ ਵਿਉਂਤਬੰਦੀ 24 ਅਸ਼ਟਪਦੀਆਂ ਵਿਚ ਹੋਈ ਹੈ। ਹਰ ਅਸ਼ਟਪਦੀ ਵਿਚ ਅੱਠ ਪਉੜੀਆਂ ਹਨ ਅਤੇ ਹਰ ਪਉੜੀ ਵਿਚ 10 ਪੰਕਤੀਆਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਵਿਚ ਰਹਾਉ ਦੀਆਂ ਦੋ ਪੰਕਤੀਆਂ ਵਧੇਰੇ ਹਨ। ਹਰ ਅਸ਼ਟਪਦੀ ਦੇ ਆਰੰਭ ਵਿਚ ਇਕ ਸ਼ਲੋਕ ਅੰਕਿਤ ਹੈ, ਜੋ ਉਸ ਅਸ਼ਟਪਦੀ ਦੇ ਕੇਂਦਰੀ ਭਾਵ ਨੂੰ ਪ੍ਰਸਤੁਤ ਕਰਦਾ ਹੈ। ਇਸ ਪ੍ਰਕਾਰ ਸ਼ਲੋਕਾਂ ਦੀ ਗਿਣਤੀ ਵੀ 24 ਹੈ। (ਕੁਝ ਵਿਦਵਾਨਾਂ ਨੇ ਸ਼ਲੋਕਾਂ ਦੀ ਗਿਣਤੀ ਜ਼ਿਆਦਾ ਹੋਣ ਦਾ ਜ਼ਿਕਰ ਕੀਤਾ ਹੈ, ਪਰ ਇਹ ਸਹੀ ਨਹੀਂ ਹੈ। ਇਨ੍ਹਾਂ ਵਿਦਵਾਨਾਂ ਵਿਚ ਡਾ. ਸੁਖਦਿਆਲ ਸਿੰਘ ਅਤੇ ਡਾ. ਗੁੰਜਨਜੋਤ ਕੌਰ ਦਾ ਨਾਂ ਸ਼ਾਮਿਲ ਹੈ।)

ਗੁਰਮਤਿ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੀ ਇਹ ਬਾਣੀ ਰਾਮਸਰ ਦੇ ਸਥਾਨ ਤੇ ਬੈਠ ਕੇ ਅੰਦਾਜ਼ਨ 1601-02 ਈ. ਵਿਚ ਮੁਕੰਮਲ ਕੀਤੀ। ਗੁਰਮਤਿ ਸਾਹਿਤ ਵਿਚ ਇਸ ਬਾਣੀ ਦਾ ਮਹਾਤਮ ਇਸ ਪੱਖੋਂ ਵੀ ਹੈ ਕਿ ਅਧਿਆਤਮਕ ਸਾਹਿਤ ਵਿਚ ਕਿਸੇ ਮਹਾਂਪੁਰਖ ਵਲੋਂ ਰਚੀ ਗਈ ਇਹ ਸਭ ਤੋਂ ਲੰਮੀ ਵੱਡਆਕਾਰੀ ਰਚਨਾ ਹੈ। ਇਸ ਬਾਣੀ ਦੀ ਇਹ ਵੀ ਵਿਲੱਖਣਤਾ ਹੈ ਕਿ ਇਸ ਵਿਚ ਮਨੁੱਖੀ ਜੀਵਨ ਦਾ ਨਾਸ਼ ਕਰਨ ਵਾਲੇ ਹਰ ਪਹਿਲੂ ਦੀ ਨਿਸ਼ਾਨਦੇਹੀ ਕਰਦਿਆਂ ਉਸਤੋਂ ਸਾਵਧਾਨ ਤੇ ਸੁਚੇਤ ਰਹਿਣ ਦੀ ਪ੍ਰੇਰਨਾ ਦੇ ਕੇ ਉਸਦਾ ਸੌਖਾ, ਸੰਭਵ ਅਤੇ ਭਰੋਸੇਯੋਗ ਹੱਲ ਵੀ ਸੁਝਾਇਆ ਗਿਆ ਹੈ। ਪੰਜਾਬੀ ਦੇ ਪ੍ਰਸਿਧ ਕਵੀ ਤੇ ਲੇਖਕ ਪ੍ਰੋ. ਪੂਰਨ ਸਿੰਘ (1881-1931 ਈ.) ਨੇ ਆਪਣੀ ਜ਼ਿੰਦਗੀ 'ਚੋਂ ਇਸ ਬਾਣੀ ਦੇ ਮਹਾਤਮ ਦੀ ਇਕ ਮਿਸਾਲ ਦਿੰਦਿਆਂ ਦੱਸਿਆ ਹੈ ਕਿ ਇਕ ਵਾਰ ਉਹ ਆਪਣਾ ਕੋਈ ਨਿਜੀ ਕੰਮ ਵਿਗੜਨ ਕਰਕੇ ਬਹੁਤ ਘਬਰਾ ਗਿਆ। ਹਾਲਾਤ ਇਥੋਂ ਤੱਕ ਪਹੁੰਚ ਗਏ ਕਿ ਉਹ ਪਾਗਲਾਂ ਵਾਲੀਆਂ ਹਰਕਤਾਂ ਕਰਨ ਲੱਗਿਆ। ਪਰ ਅਚਾਨਕ ਉਸਨੂੰ ਸੋਝੀ ਹੋਈ ਤੇ ਉਹਨੇ ਇਕਾਗਰ ਹੋ ਕੇ ਸੁਖਮਨੀ ਦਾ ਪਾਠ ਕਰਨਾ ਸ਼ੁਰੂ ਕੀਤਾ ਤਾਂ ਉਹਦੀ ਨਿਰਾਸਤਾ ਦਾ ਹਨੇਰਾ ਦੂਰ ਹੋ ਗਿਆ ਤੇ ਉਹਨੂੰ ਸਮਝ ਆਈ ਕਿ ਸੁਖਮਨੀ ਸਚਮੁਚ ਹੀ 'ਸਰਬ ਰੋਗ ਕਾ ਅਉਖਧੁ ਨਾਮ' ਹੈ। ਹੋਰ ਤਾਂ ਹੋਰ, ਡਾਕਟਰੀ ਕਿੱਤੇ ਨਾਲ ਜੁੜੇ ਦੋ ਪ੍ਰਸਿੱਧ ਡਾਕਟਰਾਂ (ਡਾ. ਹਰਚਰਨ ਸਿੰਘ ਤੇ ਡਾ. ਅਜਿੰਦਰ ਸਿੰਘ) ਨੇ ਡਾਕਟਰੀ ਵਿਗਿਆਨ ਦੇ ਪੱਖ ਤੋਂ ਇਸ ਬਾਣੀ ਦੀ ਖੋਜ ਕਰਕੇ ਐਮ. ਡੀ. ਦੀ ਡਿਗਰੀ ਹਾਸਲ ਕੀਤੀ ਹੈ।

ਸੁਖਮਨੀ ਦੀ ਰਚਨਾ ਸ਼ਾਂਤ ਰਸ ਵਿਚ ਹੋਈ ਹੈ ਅਤੇ ਇਸ ਵਿਚ ਸੁਖ ਦੇ ਮਾਰਗ ਬਾਰੇ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ। ਸਦੀਵੀਂ ਸੁਖ ਦੀ ਪ੍ਰਾਪਤੀ, ਦੁਖ-ਸੁਖ ਵਿਚ ਅੰਤਰ ਆਦਿ ਬਾਰੇ ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਸੁਖ ਅਤੇ ਦੁਖ ਮਨ ਦੀ ਪ੍ਰਤੀਕ੍ਰਿਆ ਹੈ। ਸੰਸਾਰਕ ਸੁਖਾਂ ਦੀ ਤਲਾਸ਼ ਵਿਚ ਭਟਕਦਾ ਇਨਸਾਨ ਦੁਖੀ ਹੁੰਦਾ ਹੈ। ਦੁਖ ਅਤੇ ਸੁਖ ਨੂੰ ਰੱਬ ਦਾ ਭਾਣਾ ਸਮਝ ਕੇ ਮੰਨਣ ਵਿਚ ਹੀ ਅਸਲੀ ਆਨੰਦ ਹੈ। ਜੋ ਵਿਅਕਤੀ ਪਰਮਾਤਮਾ ਦਾ ਸਿਮਰਨ ਕਰਦੇ ਹਨ, ਗੁਰੂ ਉੱਤੇ ਵਿਸ਼ਵਾਸ ਕਰਦੇ ਹਨ, ਉਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤੇ ਉਹ ਸਦੀਵੀ

ਸੁਖ ਪ੍ਰਾਪਤ ਕਰ ਲੈਂਦੇ ਹਨ। ਉਹ ਬ੍ਰਹਮ ਗਿਆਨੀ, ਸਾਧੂ ਸੰਤ ਤੇ ਜੀਵਨ-ਮੁਕਤ ਬਣ ਜਾਂਦੇ ਹਨ। ਵਾਹਿਗੁਰੂ ਦੇ ਭਾਣੇ ਵਿਚ ਰਹਿਣ ਕਰਕੇ ਨਾ ਉਨ੍ਹਾਂ ਉੱਤੇਦੁਖ ਦਾ ਅਸਰ ਹੁੰਦਾ ਹੈ, ਨਾ ਸੁਖ ਦਾ। ਪ੍ਰਭੂ ਦੇ ਨਾਮ ਵਿਚ ਡੁੱਬੇਉਹ ਸਦਾ ਅਨੰਦ ਅਤੇ ਖੇੜੇ ਵਿਚ ਰਹਿੰਦੇ ਹਨ।

ਗੁਰਮਤਿ ਅਨੁਸਾਰ ਵਿਸਮਾਦ ਦੀ ਸਥਿਤੀ ਸਰਵਉਚ ਅਤੇ ਸ਼੍ਰੇਸ਼ਟ ਹੈ। ਵਿਸਮਾਦ ਦੀ ਇਸ ਸਥਿਤੀ ਦੇ ਬਿਆਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕ੍ਰਮਵਾਰ ਜਪੁ, ਅਨੰਦੁ, ਅੰਮ੍ਰਿਤ, ਬਲ ਆਦਿ ਕੇਂਦਰੀ ਸੰਕਲਪਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕੇਂਦਰੀ ਸੰਕਲਪ ਦੀ ਵਿਆਖਿਆ ਸੁਖਮਨੀ ਦੇ ਮਾਧਿਅਮ ਰਾਹੀਂ ਕੀਤੀ ਹੈ। ਪ੍ਰੋ. ਸਾਹਿਬ ਸਿੰਘ ਨੇ ਸੁਖਮਨੀ ਦੇ ਅਰਥ ਮਨ ਦੀ ਉਸ ਸਹਿਜ ਅਵਸਥਾ ਦੇ ਰੂਪ ਵਿਚ ਕੀਤੇ ਹਨ, ਜੋ ਕਦੇ ਵੀ ਭੰਗ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਇਸ ਅਵਸਥਾ ਨੂੰ ਪਰਿਭਾਸ਼ਿਤ ਕਰਦੇ ਹੋਏ ਫ਼ਰਮਾਉਂਦੇ ਹਨ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ (ਪੰਨਾ 262)

ਅਰਥਾਤ ਪ੍ਰਭੂ ਦਾ ਨਾਮ ਹੀ ਸਾਰੇ ਸੁਖਾਂ ਦਾ ਖ਼ਜ਼ਾਨਾਂ ਹੈ ਅਤੇ ਇਹ ਭਗਤਾਂ, ਸੰਤਾਂ ਅਤੇ ਬ੍ਰਹਮ ਗਿਆਨੀਆਂ ਦੇ ਹਿਰਦੇ ਵਿਚ ਵਸਦਾ ਹੈ।

ਸੁਖ ਦੀ ਪਰਿਭਾਸ਼ਾ ਬਾਰੇ ਪੂਰਬ ਅਤੇ ਪੱਛਮਵਿਚ ਵੱਖ-ਵੱਖਵਿਚਾਰਧਾਰਾਵਾਂ ਪ੍ਰਚੱਲਿਤਹਨ। ਹਰ ਕਿਸੇ ਨੇ ਆਪੋ-ਆਪਣੇ ਮਤਿ ਅਨੁਸਾਰ ਇਸਨੂੰ ਪਰਿਭਾਸ਼ਿਤ ਕੀਤਾ ਹੈ। ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਨੇ ਸੁਖ ਦੇ ਸੰਕਲਪ ਬਾਰੇ ਆਪਣਾ ਨਿਵੇਕਲਾ ਦ੍ਰਿਸ਼ਟੀਕੋਣ ਪ੍ਰਸਤੁਤ ਕੀਤਾ ਹੈ। ਇਸ ਬਾਣੀ ਦੀਆਂ ਵੱਖ-ਵੱਖਅਸ਼ਟਪਦੀਆਂ ਇਕੋ ਸੁਖ ਦੀ ਵਿਆਖਿਆ ਕਰਦੀਆਂ ਹਨ, ਜਿਸਦੇ ਆਧਾਰ ਤੇ ਇਸਨੂੰ ਇਕ ਹੋਰ ਪਰਿਭਾਸ਼ਾ ਅਨੁਸਾਰ ਸੁਖਮਨੀ ਵਿਚ ਅੰਕਿਤ ਪਹਿਲਾ ਸ਼ਲੋਕ ਮੰਗਲਾਚਰਣ ਵਜੋਂ ਅੰਕਿਤ ਹੈ, ਜਿਸ ਵਿਚ ਗੁਰੂ/ਅਕਾਲ ਪੁਰਖ ਦੀ ਆਰਾਧਨਾ ਕੀਤੀ ਗਈ ਹੈ:

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥ (ਪੰਨਾ 262)

ਸਮੁੱਚੀ ਗੁਰਮਤਿ ਕਾਵਿਧਾਰਾ ਵਾਂਗ ਇਸ ਰਚਨਾ ਵਿਚ ਵੀ ਸੁਖਦਾਤਾ ਪਰਮਾਤਮਾ ਨੂੰ ਮੰਨਿਆ ਗਿਆ ਹੈ। ਇਸਦੀ ਵਿਆਖਿਆ ਹਿਤ ਗੁਰੂ ਅਰਜਨ ਦੇਵ ਜੀ ਨੇ ਪਹਿਲੀ, ਦੂਜੀ ਤੇ ਤੀਜੀ ਅਸ਼ਟਪਦੀ ਵਿਚ ਇਸ ਭਾਵ ਨੂੰ ਕਾਵਿਬੱਧਕੀਤਾ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੋਰ ਸਾਰੇ ਧਾਰਮਕ ਕਾਰਜਾਂ ਨਾਲੋਂ ਸ਼੍ਰੇਸ਼ਟ ਹੈ। ਪ੍ਰਭੂ ਦਾ ਸਿਮਰਨ ਮਨ ਦੀਆਂ ਸਮੁੱਚੀਆਂ ਸ਼ਕਤੀਆਂ ਨੂੰ ਨਿਯੰਤ੍ਰਿਤ ਕਰਨ ਨਾਲ ਹੁੰਦਾ ਹੈ। ਅਜਿਹੇ ਸੰਜਮ ਨਾਲ ਸ਼ਬਦ ਚੇਤਨਾ ਉਤਪੰਨ ਹੁੰਦੀ ਹੈ ਅਤੇ ਵਾਕ-ਸਾਧਨਾ ਰਾਹੀਂ ਵਿਅਕਤੀ ਪਰਾ-ਸਰੀਰਕ ਸ਼ਕਤੀਆਂ ਨਾਲ ਵਾਰਤਾਲਾਪ ਸਥਾਪਤ ਕਰ ਸਕਦਾ ਹੈ। ਇਸੇ ਲਈ ਉਪਨਿਸ਼ਦਾਂ ਵਿਚ ਲਿਖਿਆ ਹੈ: 'ਸ਼ਬਦ ਹੀ ਬ੍ਰਹਮ ਹੈ।' ਸੁਖਮਨੀ ਦੀ ਪਹਿਲੀ ਅਸ਼ਟਪਦੀ ਦੀਆਂ ਆਰੰਭਕ ਪੰਕਤੀਆਂ ਸਿਮਰਨ ਦੇ ਮਹੱਤਵ ਨੂੰ ਪੂਰਨ ਸਫਲਤਾ ਸਹਿਤ ਦ੍ਰਿੜ੍ਹ ਕਰਾਉਂਦੀਆਂ ਹਨ ਅਤੇ ਇਸ ਬਾਣੀ ਵਿਚ ਵੱਖ-ਵੱਖਥਾਵਾਂ ਤੇ 'ਹਰਿ ਨਾਮ' ਨੂੰ ਰੇਖਾਂਕਿਤ ਕੀਤਾ ਗਿਆ ਹੈ:

1. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
   ਕਲਿ ਕਲੇਸ ਤਨ ਮਾਹਿ ਮਿਟਾਵਉ ॥ (ਪੰਨਾ 262)

2. ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
   ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ (ਪੰਨਾ 262)

3. ਜਿਹ ਪੈਡੈ ਮਹਾ ਅੰਧ ਗੁਬਾਰਾ ॥
   ਹਰਿ ਕਾ ਨਾਮੁ ਸੰਗਿ ਉਜੀਆਰਾ ॥ (ਪੰਨਾ 264)

ਸੰਸਾਰ ਵਿਚ ਵਿਚਰਦੇ ਮਨੁੱਖਾਂ ਦੀਆਂ ਬਹੁਤ ਸਾਰੀਆਂ ਇਛਾਵਾਂ ਹੁੰਦੀਆਂ ਹਨ। ਸਰੀਰਕ, ਪਦਾਰਥਕ, ਭੌਤਿਕ, ਮਾਨਸਿਕ ਤੇ ਬੌਧਿਕ। ਪਰ ਸੁਖਮਨੀ ਵਿਚ ਜਿਸ ਸੁਖ/ਆਨੰਦ ਦਾ ਵਰਣਨ ਹੈ, ਉਹ ਇਨ੍ਹਾਂ ਅਸਥਾਈ ਇਛਾਵਾਂ ਦੀ ਪੂਰਤੀ ਦਾ ਫਲ ਨਹੀਂ। ਸੁਖਮਨੀ ਵਿਚ ਉਸ ਮੂਲ ਤੇ ਸਦੈਵਕਾਲੀਨ ਅਧਿਆਤਮਕ ਸੁਖ ਦਾ ਵਰਣਨ

ਹੈ, ਜਿਸਦਾ ਅਸਤਿਤਵ ਮਨੁੱਖ ਦੇ ਪਰਾਭੌਤਿਕ ਅਤੇ ਪਰਾਸਰੀਰਕ ਅਨੁਭਵਾਂ ਦਾ ਸਿੱਟਾ ਹੈ। ਗੁਰਮਤਿ ਕਾਵਿ ਪਰੰਪਰਾ ਦੇ ਆਰੰਭ ਤੋਂ ਹੀ ਇਸ ਸੁਖ ਦੇ ਸੰਕਲਪ ਬਾਰੇ ਚਰਚਾ ਹੁੰਦੀ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਵਿਅਕਤੀ ਅਦ੍ਰਿਸ਼ਟ ਬ੍ਰਹਮ ਨੂੰ ਭੁਲਾ ਕੇ ਦ੍ਰਿਸ਼ਟਮਾਨ ਸੰਸਾਰ ਦੇ ਰਸਾਂ ਭੋਗਾਂ ਨੂੰ ਹੀ ਜੀਵਨ ਦਾ ਲਕਸ਼ ਮੰਨਣ ਲਗ ਪੈਂਦਾ ਹੈ। ਇਸ ਲਕਸ਼ ਦੀ ਪ੍ਰਾਪਤੀ ਲਈ ਕੀਤੇ ਉਹਦੇ ਯਤਨ ਉਹਨੂੰ ਆਤਮਕ ਤੌਰ ਤੇ ਦੁਖੀ ਅਤੇ ਰੋਗੀ ਬਣਾ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਰੋਗਾਂ ਤੋਂ ਮੁਕਤ ਹੋਣ ਦਾ ਇਕੋ-ਇਕ ਸਾਧਨ ਪ੍ਰਭੂ ਦੇ ਨਾਮ ਸਿਮਰਨ ਨੂੰ ਦੱਸਿਆਹੈ:

1. ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥ (ਪੰਨਾ 1287)

2. ਖਸਮੁ ਵਿਸਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ (ਪੰਨਾ 1256)

ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਅਜਿਹੇ ਹੀ ਭਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ ਕਿ ਬਹੁਤਾ ਪੈਸਾ ਕਮਾਉਣ, ਨਾਚ-ਤਮਾਸ਼ੇ ਵੇਖਣ, ਦੇਸ਼-ਦੇਸ਼ਾਂਤਰ ਦੀ ਸੈਰ ਕਰਨ ਵਿਚ ਕੋਈ ਸੁਖ ਨਹੀਂ ਹੈ, ਸਗੋਂ ਸੱਚਾਤੇ ਸਦੀਵੀ ਸੁਖ ਤਾਂ ਪਰਮਾਤਮਾ ਦੀ ਕੀਰਤੀ ਕਰਨ ਵਿਚੋਂ ਲੱਭਦਾਹੈ:

ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥ (ਪੰਨਾ 1147)

ਨਾਮ ਸਿਮਰਨ ਦੀ ਦਾਤ ਮਨੁੱਖਦੀ ਵਿਅਕਤੀਗਤ ਕੋਸ਼ਿਸ਼ ਦਾ ਹੀ ਪ੍ਰਤੀ ਕਰਮ ਨਹੀਂ ਹੁੰਦੀ, ਸਗੋਂ ਇਸ ਲਈ ਪਾਰਬ੍ਰਹਮ ਦੀ ਕਿਰਪਾ ਦ੍ਰਿਸ਼ਟੀ ਵੀ ਜ਼ਰੂਰੀ ਹੈ। ਸੁਖਮਨੀ ਦੀ ਚੌਥੀ, ਪੰਜਵੀਂ ਤੇ ਛੇਵੀਂ ਅਸ਼ਟਪਦੀ ਵਿਚ ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਮਾਇਆ ਵਿਚ ਫਸੇ ਜੀਵ ਉਤੇ ਰੱਬਵਲੋਂ ਹੀ ਮਿਹਰ ਹੋਵੇ, ਤਾਂ ਹੀ ਉਹਨੂੰ ਰੱਬਦੀ ਦਾਤ ਮਿਲਦੀ ਹੈ।ਗੁਰਮਤਿ ਵਿਚ ਆਰਾਧਨਾ ਨੂੰ ਮਨੁੱਖਦੀ ਨਿਜੀ ਪ੍ਰਕਿਰਿਆ ਨਾਲੋਂ ਸਮੂਹਿਕ ਪ੍ਰਕਿਰਿਆ ਨਾਲ ਜੋੜਿਆ ਗਿਆ ਹੈ। ਇਸਨੂੰ ਗੁਰਬਾਣੀ ਵਿਚ ਸਾਧ-ਸੰਗਤ ਦਾ ਨਾਂ ਦਿੱਤਾ ਗਿਆ ਹੈ। ਅਰਥਾਤ ਗੁਰਮਤਿ ਸਾਧ-ਸੰਗਤਿ ਵਿਚ ਬੈਠ ਕੇ ਪੂਜਾ ਕਰਨ (ਞਰਅਪਗਕਪ੍ਰਵਜਰਅ੍; ਮਰਗਤੀਜਬ) ਉਤੇ ਜ਼ੋਰ ਦਿੰਦੀ ਹੈ। ਸੱਤਵੀਂ, ਅੱਠਵੀਂਅਤੇ ਨੌਵੀਂ ਅਸ਼ਟਪਦੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਸੰਗਤਿ ਵਿਚ ਬੈਠ ਕੇ ਨਾਮ ਦੀ ਬਰਕਤ ਹਾਸਲ ਕਰਦਾ ਹੈ। ਇਹੋ ਜਿਹੇ ਗੁਰਮੁਖ ਉਚੀ ਕਰਨੀ ਵਾਲੇ ਹੁੰਦੇ ਹਨ। ਸੁਖਮਨੀ ਵਿਚ ਸਾਧੂ, ਸੰਤ, ਗੁਰਮੁਖ ਅਤੇ ਬ੍ਰਹਮ ਗਿਆਨੀ ਆਦਿ ਵਿਸ਼ੇਸ਼ਣ ਅਜਿਹੇ ਵਿਅਕਤੀਆਂ ਲਈ ਹੀ ਵਰਤੇ ਗਏ ਹਨ, ਜਿਨ੍ਹਾਂ ਦੀ ਆਤਮਾ ਪਰਮਾਤਮਾ ਨਾਲ ਸਦਾ ਇਕਰੂਪ ਰਹਿੰਦੀ ਹੈ:

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ
ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥੮॥੮॥ (ਪੰਨਾ 274)

ਸੁਖਮਨੀ ਵਿਚ ਸਿਰਫ਼ ਪਰਾਭੌਤਿਕ (Metaphysical) ਵਿਚਾਰ ਹੀ ਨਹੀਂ ਹਨ। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਰਾਹੀਂ ਵਿਅਕਤੀ ਦੇ ਵਿਹਾਰਕ ਪੱਖ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਬਾਰ੍ਹਵੀਂ, ਤੇਰ੍ਹਵੀਂ, ਚੌਧਵੀਂ ਅਤੇ ਪੰਦਰ੍ਹਵੀਂ ਅਸ਼ਟਪਦੀ ਵਿਚ ਮਨੁੱਖਨੂੰ ਜੀਵਨ ਦੇ ਵਿਵਹਾਰਕ ਪੱਖ 'ਚੋਂ ਹੀ ਗਿਆਨ ਦਿੱਤਾਗਿਆ ਹੈ:

1. ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ (ਪੰਨਾ 278)

2. ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥ (ਪੰਨਾ 279)

ਜੀਵ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਆਦੇਸ਼ ਦੇ ਕੇ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਵੀ ਦਿੱਤੀਹੈ:

ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥੧॥ ( ਪੰਨਾ 285)

ਸੁਖਮਨੀ ਵਿਚ ਦਰਜ ਇਸ ਸ਼ਲੋਕ ਨੂੰ ਪੜ੍ਹ ਕੇ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਪਰਮਾਤਮਾ ਸੰਬੰਧੀ ਸੰਕਲਪ ਬਹੁਤ ਮਿਲਦੇ ਜੁਲਦੇ ਹਨ। ਸੋਲ੍ਹਵੀਂ, ਸਤਾਰ੍ਹਵੀਂ ਤੇ ਅਠਾਰ੍ਹਵੀਂ ਅਸ਼ਟਪਦੀ ਵਿਚ ਪਰਮਾਤਮਾ ਦੇ ਗੁਣਵਾਚਕ ਨਾਵਾਂ ਦਾ ਵਰਣਨ ਕੀਤਾ ਗਿਆ ਹੈ ਕਿ , ਜਿਵੇਂ, 'ਉਹ ਸਭ ਵਿਚ ਵਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ। ਸਤਿਗੁਰੂ ਦੀ ਸ਼ਰਨ ਪੈ ਕੇ ਉਸ ਪ੍ਰਭੂ ਦਾ ਹਿਰਦੇ ਵਿਚ ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦਾ ਨਾਮ ਹੀ ਇਕ ਐਸਾ ਧਨ ਹੈ, ਜੋ ਸਦਾ ਮਨੁੱਖਦੇ ਨਾਲ ਨਿਭਦਾ ਹੈ ਅਤੇ ਉਸਦੇ ਦਰ ਉੱਤੇਅਰਜ਼ ਕੀਤਿਆਂ ਇਸ ਧਨ ਦੀ ਪ੍ਰਾਪਤੀ ਹੁੰਦੀ ਹੈ। '

ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ ਵਿਚ ਰਚੇ ਇਕ ਸ਼ਬਦ (ਆਰਤੀ)

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥ (ਪੰਨਾ 663)

ਦੇ ਮਾਧਿਅਮ ਰਾਹੀਂ ਇਹ ਵਿਚਾਰ ਕੀਤੀ ਹੈ ਕਿ ਪਰਮਾਤਮਾ ਨਿਰਗੁਣ ਹੈ ਜਾਂ ਸਰਗੁਣ। ਅੰਤ ਵਿਚ ਉਨ੍ਹਾਂ ਨੇ ਆਪ ਹੀ ਉਤਰ ਦੇ ਦਿਤਾ ਕਿ ਨਿਰਗੁਣ ਤੇ ਸਰਗੁਣ ਦੋਵੇਂ ਉਸੇ ਦੇ ਹੀ ਰੂਪ ਹਨ। ਸੁਖਮਨੀ ਦੀ ਅਠਾਰ੍ਹਵੀਂ ਤੇ ਇੱਕੀਵੀਂ ਅਸ਼ਟਪਦੀ ਵਿਚ ਗੁਰੂ ਅਰਜਨ ਦੇਵ ਜੀ ਨੇ ਵੀ ਇਹੋ ਪਰਿਭਾਸ਼ਾ ਦਿਤੀ ਹੈ:

1. ਨਿਰਗੁਨ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ 287)
2. ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
   ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥੧॥ ( ਪੰਨਾ 290)

ਤੇਈਵੀਂ ਅਤੇ ਚੌਵੀਵੀਂ ਅਸ਼ਟਪਦੀ ਵਿਚ ਸੁਖਮਨੀ ਦਾ ਮਹਾਤਮ ਅਤੇ ਸਿੱਟਾਪੇਸ਼ ਕੀਤਾ ਗਿਆ ਹੈ। ਇਨ੍ਹਾਂ ਪਉੜੀਆਂ ਵਿਚ ਦਸਿਆ ਗਿਆ ਹੈ ਕਿ ਜਦੋਂ ਮਨੁੱਖ ਨੂੰ ਗਿਆਨ ਰੂਪੀ ਸੁਰਮਾ ਮਿਲਦਾ ਹੈ ਤਾਂ ਉਸਦੇ ਮਨ ਵਿਚ ਇਹ ਚਾਨਣ ਪੈਦਾ ਹੁੰਦਾ ਹੈ ਕਿ ਪ੍ਰਭੂ ਹਰ ਥਾਂ ਤੇ ਹੈ। ਇਸੇ ਲਈ ਉਹਦੇ ਨਾਮ ਨੂੰ ਸੁਖਾਂ ਦੀ ਮਣੀ ਜਾਂ 'ਸੁਖਮਨੀ' ਕਿਹਾ ਗਿਆ ਹੈ:

ਸਭ ਤੇ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥ (ਪੰਨਾ 296)

ਇਸ ਪ੍ਰਕਾਰ ਸੁਖਮਨੀ ਮਨ ਦੀ ਸਹਿਜ ਅਵਸਥਾ ਦਾ ਨਾਮ ਹੈ, ਜੋ ਰਜੋ, ਤਮੋ ਤੇ ਸਤੋ ਤੋਂ ਪ੍ਰਾਪਤ ਸੁਖਾਂ ਤੋਂ ਉਚੇਰੀ ਅਵਸਥਾ ਹੈ। ਇਸ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਨੇ ਮਨ ਨੂੰ ਗਿਆਨ ਅਤੇ ਕਰਮ ਇੰਦਰੀਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸਨੂੰ ਸਿਮਰਨ, ਸਾਧ ਸੰਗਤਿ, ਸੇਵਾ ਅਤੇ ਗੁਰੂ ਦਾ ਹੁਕਮ ਮੰਨਣ ਆਦਿ ਦਾ ਆਦੇਸ਼ ਦਿੱਤਾਹੈ।

ਇਸ ਚਰਚਾ ਤੋਂ ਸਪਸ਼ਟ ਹੈ ਕਿ ਸੁਖਮਨੀ ਵਿਚ ਮਿਲਦਾ ਸੁਖ ਭੌਤਿਕ ਲੱਛਣਾਂਦਾ ਧਾਰਨੀ ਨਹੀਂ ਹੈ, ਸਗੋਂ ਇਹ ਉਸ ਅਧਿਆਤਮਕ ਅਵਸਥਾ ਦਾ ਨਾਮ ਹੈ, ਜੋ ਸਦਾ ਸਥਿਰ ਰਹਿੰਦੀ ਹੈ। ਇਸਨੂੰ ਸੰਚਾਲਿਤ ਕਰਨ ਲਈ ਮਾਇਆ ਰੂਪੀ ਦੁਨੀਆਂ ਦਾ ਤਿਆਗ ਕਰਨਾ ਜ਼ਰੂਰੀ ਹੈ, ਤਾਂ ਹੀ ਵਿਅਕਤੀ ਆਧੁਨਿਕ ਜੀਵਨ ਦੀਆਂ ਜਟਿਲਤਾਵਾਂ ਅਤੇ ਮਾਨਸਿਕ ਗੁੰਝਲਾਂ ਤੋਂ ਮੁਕਤ ਹੋ ਕੇ ਸੁੱਖਾਂਦਾ ਖਜ਼ਾਨਾਂ ਪ੍ਰਾਪਤ ਕਰ ਸਕਦਾ ਹੈ। ਅੱਜਦੇ ਅਖੌਤੀ ਧਰਮਾਂ ਦੀ ਚਕਾਚੌਂਧ ਵਿਚ ਗੁਆਚੇ, ਪੀੜਤ ਅਤੇ ਦੁਖੀ ਮਨੁੱਖਲਈ ਸੁਖਮਨੀ ਹੀ ਸਹਿਜ ਅਵਸਥਾ ਵਜੋਂ ਇਕ ਅਮੋਲਕ ਖਜ਼ਾਨਾ ਹੈ। ਇਹ ਬਾਣੀ ਸਿਰਫ ਸਿੱਖਜਗਤ ਵਿਚ ਹੀ ਨਹੀਂ, ਸਗੋਂ ਸਾਰੇ ਉੱਤਰੀਭਾਰਤ ਵਿਚ ਪਿਛਲੇ ਚਾਰ ਸੌ ਸਾਲਾਂ ਤੋਂ ਤਪਦੇ ਮਨਾਂ ਨੂੰ ਠਾਰਦੀ ਆਈ ਹੈ।

ਇਹ ਬਾਣੀ ਧੁਰੋਂ ਆਏ ਗੁਰੂ ਦੇ ਮੁਖੋਂ ਉਚਾਰੀ ਹੋਈ ਰਸਭਿੰਨੀ ਹੈ, ਇਹ ਪੱਥਰਦੇ ਸੀਨੇ ਉੱਤੇਲਿਖੀ ਹਮੇਸ਼ਾ ਕਾਇਮ ਰਹਿਣ ਵਾਲੀ ਇਬਾਰਤ ਹੈ, ਇਹ ਜ਼ਿੰਦਗੀ ਦੀ ਸਦੀਆਂ ਦੀ ਭਟਕਣ ਪਿਛੋਂ ਤਾਲਾਸ਼ੀ ਹੋਈ ਮੰਜ਼ਿਲ ਹੈ। ਕਿਸੇ ਵੀ ਧਰਮ ਨੂੰ ਮੰਨਣ ਵਾਲਾ ਇਨਸਾਨ ਇਸਦੇ ਉਚਾਰਨ ਨਾਲ ਸਿਰਫ ਸੁਖ ਹੀ ਨਹੀਂ, ਸਗੋਂ ਸਦੀਵੀਂ ਸਕੂਨ ਮਹਿਸੂਸ ਕਰਦਾ ਹੈ।

**<u>ਆਧਾਰ ਗ੍ਰੰਥ ਤੇ ਪੁਸਤਕਾਂ</u>**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
2. ਸੁਖਦਿਆਲ ਸਿੰਘ (ਡਾ.), ਸ਼ਿਰੋਮਣੀ ਸਿੱਖ ਇਤਿਹਾਸ (1469-1708), ਸੰਗਮ ਪਬਲੀਕੇਸ਼ਨਜ਼, ਸਮਾਣਾ, 2010.
3. ਕੁਲਦੀਪ ਕੌਰ (ਡਾ.), ਸਾਡਾ ਵਿਰਸਾ : ਗੁਰਮਤਿ ਪਰਿਪੇਖ, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2014.
4. ਜਸਬੀਰ ਸਿੰਘ ਸਾਬਰ (ਡਾ.) (ਸੰਪਾ.), ਸਿੱਖਧਰਮ ਅਧਿਐਨ (ਮੁਢਲੀ ਜਾਣਕਾਰੀ) ਭਾਗ ਪਹਿਲਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.
5. ਪ੍ਰਿਤਪਾਲ ਸਿੰਘ (ਪ੍ਰੋ.), ਪਰਿਚਰਚਾ, ਪੈਪਸੂ ਬੁੱਕਡਿਪੂ, ਪਟਿਆਲਾ, 1980.


**<u>ਆਧਾਰ ਪਤ੍ਰਿਕਾਵਾਂ</u>**


1. ਪੰਜਾਬੀ ਯੂਨੀਵਰਸਿਟੀ ਸਭਿਆਚਾਰ ਪਤ੍ਰਿਕਾ, ਅੰਕ 5, ਜਨਵਰੀ 2007.
2. ਮਨਿੰਦਰ ਸ਼ੌਂਕ (ਸੰਪਾ.), ਗੁਲਚਮਨ, ਮਾਸਿਕ ਪਤ੍ਰਿਕਾ, ਲੁਧਿਆਣਾ, ਅੰਕ 9-10, ਸਤੰਬਰ-ਅਕਤੂਬਰ, 1987.


ਐਸੋਸੀਏਟ ਪ੍ਰੋਫੈਸਰ (ਰਾਜਨੀਤੀ ਵਿਗਿਆਨ), ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ, 151302 (ਬਠਿੰਡਾ), 09464360051

# अध्यात्मिकवाद तथा संगीत

कमलेश इन्द्र सिंह शोधार्थी

**अध्यात्मिकवाद की व्यारव्या**

सर्वप्रथम यह जान लेना अति अवश्यक है, कि 'अध्यात्मवाद' से क्या अभिप्राय है तथा अध्यात्मवाद का मनुष्य के जीवन में क्या महत्त्व है। 'अधि' पंजाबी तथा हिन्दी भाषा का अगेतर शब्द है साहित्यकार किसी शब्द के अर्थो को अधिक महत्व तथा श्रेष्ठता प्रदान करने हेतु मूल शब्द के आगे इस 'अधि' शब्द का प्रयोग करते है जैसे 'आत्मा' से 'अधिआत्म' 'नायक' से 'अधिनायक' इत्यादि।1 यदि हम अध्यात्मवाद के अंतरगत श्रद्धा और भक्ति की बात करें तो ग्रन्थों में भक्ति 9 प्रकार की बताई गई है जिसमें से भगवान के गुणों का गान सहज और श्रेष्ठ है।2 श्री गुरू ग्रन्थ साहिब में गुरू रामदास जी के पावन वचन है –

तेरे कवन कवन गुन कहि कहि गावा तु साहिब गुणी निधाना ।।
तुमरी महिमा बरनि ना साकओ तू ठाकुर ऊच भगवाना।। (राग सूही महला – 4)

भारतीय संस्कृति कोश में अध्यात्मवाद की व्यारव्या इस प्रकार की गई है, कि आदिकाल से ही मानव दृश्य जगत के पीछे निहित शक्ति या सत्य में विश्वास करता आया है। आदि काल से ही अधिकांश लोग किसी मूल भूल सत्ता के अस्तित्व में आज भी विश्वास करते हैं और यही विश्वास अध्यात्म वाद कहा जाता है। इसी अध्यात्मवाद ने मनुष्य की संपूर्ण अभिव्यक्ति को प्रभावित किया है। साहित्य, संगीत, सभ्यता, संस्कृति सब पर इसकी अमिट छाप है3 अध्यात्मिक्ता तथा संगीत के आपसी अंतर संबंध की अनेक उदाहरण प्रस्तुत की जा सकती हैं जैसे श्री मद्भागवत में भगवान ने स्वयं ही कहा है : –

नाँह वसामि बैकुंठे यागनां हृदय न य :
मद्भक्ता यत्र गायन्ति तत्र तिष्ठामि नारद।।

अर्थात् हे नारद। मैं न वैकुंठ में वास करता हूं न मैं योगियों के हृदयों में रहता हूँ अत: मेरा निवास वहां पर होता है जहां मेरे भक्त जन अपने मन के आंतरिक भावों में विलीन हो कर कीर्तन के द्वारा ईश्वर के भजनों का गुणगान करते हैं। महापुरूषों के बचन हैं कि पूजा से करोड़ गुणा श्रेष्ठ स्त्रोत तथा स्त्रोत से करोड़ गुणा जप तथा जप से करोड़ गुणा गान श्रेष्ठ होता है।

**गुरूओं तथा अवतारी पुरूषों द्वारा संगीत को महत्व प्रदान करना** सिख धर्म के चौथे गुरू, गुरू राम दास जी "राग" शब्द के महत्व को प्रकाशित करते हुए, सलोक वारां ते वधीक के अन्तर्गत अपनी पद् रचना में लिखते है: –

राग – नाद सभ सच्च है, कीमत कही न जाए ।।4

अर्थात: राग संगीत की महिमा अपरम्पार है, कोई भी व्यक्ति इसकी धन के द्वारा कीमत अदा नहीं कर सकता। कीर्तन को हिंदू तथा सिख मत में बहुत महत्व दिया जााता है। कृत धातू का प्रयोग प्रशंसा, गुणकथन एवं कथन का वर्णन करने के अर्थ में होने के कारण 'कीर्तन' शब्द का वास्तविक अर्थ इसी सन्दर्भ में प्रयुक्त हुआ है। साधारण अर्थो में कीर्तन का भाव अर्थ 'कीर्ती' करना या 'यश' गान करना होता है। मां सरस्वति के हाथों में वीणा, गणेश जी की गोद में मृदंग अथवा पखावज, नारद मुणि तथा मीरां के हाथों में एकतारा मध्यकालीन गुरूओं, संतों, भक्त कवियों की संगीत और लय बद्ध रचनाएँ सिख गुरूओं द्वारा गुरू ग्रन्थ साहिब की वाणी को रागों में संमलित अवतारी करना अध्यात्मिका तथा संगीत के अंतर सम्बन्ध के साक्षात प्रमाण हैं। भारत की पुण्य भूमि पर हुए इन्ही गुरुओं महापुरूषों के समक्ष एक ही लक्ष्य था, वह था भक्ति काव्य के माध्यम से जन कल्याण करना।

हमारे देश के लगभग सभी धर्म गुरूओं ने संगीत की सत्ता तथा नादात्मक प्रभावों को अनुभव करते हुए अपनी – अपनी वाणी अथवा रचनाओं को लोगों की भलाई के लिए जन – जन तक पहुँचाने के उद्देश्य से संगीत के माध्यम को अपना कर अपनी काव्य गत शैली के द्वारा प्रचार किया क्योंकि वै – जानते थे कि साधारण मनुष्य

की चंचल भावनाओं को संगीत के नादात्मक प्रभाव ही अपने वष में कर सकते हैं केवल मात्र भक्ति भाव-पूजा, तथा ध्यान की क्रिया को इतनी आसानी से अध्यात्म की आरंभिक अवस्था की ओर इन साधारण लोगों के पास नहीं ले जाया जा सकता। ध्यान के लिए अभ्यास की जरूरत होती है केवल-मात्र संगीतिक नादआत्मक प्रभावों के द्वारा ही अर्थात् प्रभु-भक्ति में रंगे भजनो तथा कीर्तन द्वारा प्रभू का गुण-गाण कर साधारण लोगों के ध्यान को सहिज अवस्था में लाया जा सकता है। इस प्रकार हम देखते हैं अध्यात्मिक मार्ग के पथ पर संगीत एक सेतु का काम करता आया है। यद्यपि, यूँ कहा जाए कि अध्यात्मवाद एक नदी है और संगीत अध्यात्मिक नदी का सेतू तो इसमें कोई संदेह नहीं होगा।

वास्तव में हमारे संगीत शास्त्र ग्रन्थों में नाद को ब्रह्म रूप कहा गया है, जब किसी गायक अथवा वादक के वाद्य से मधुर तथा सच्चा स्वर निकलता है, तो उन पलों में जो सुख का अनुभव होता है उस परम आनंद की शब्दों में व्याख्या करना कठिन है।

## गुरू नानक देव जी द्वारा संगीत को महत्व प्रदान करना

मध्यकाल में हुए सिख धर्म के आदि गुरू गुरू नानक देव जी ने गुरवाणी के प्रचार का मुख्य माध्यम संगीत को ही बनाया तथा गुरू जी ने भाई मर्दाना की रबाब की धुन के साथ अपनी उच्चारण की हुई अध्यात्मिक वाणी को स्वयं गा-गा कर लोगों को सुनाया, इस प्रकार गुरू नानक देव जी ने संगीत का संबंध अध्यात्मिकता से जोड़ कर भारतीय शास्त्रीय संगीत को 'गुरमति संगीत' के द्वारा संगीत में योगदान दिया। सिख इतिहास का अवलोकन करने पर पता चला है कि गुरू नानक देव जब अंतरध्यान होकर आध्यात्मिक वाणी का अपने मुख में उच्चारण करते थे तो अपने साथी भाई मर्दाना को यह निर्देश देते कि मर्दाना रबाब की तार को छेड़ो निरंकार की वाणी आई है। पंचम गुरू, गुरू अर्जुन देव जी गुरवाणी में लिखते है :-

1) धुर की वाणी आई
 तिन सगली चिंत मिटाई (राग, सोरठ म:5,)5
2) गुरबानी गावहो भाई
 इहि सफल सदा सुख दाई (राग सोरठ, म:5,)6
3) जो जन करै कीर्तन गोपाल
 तिस को पोहे न सकै जमकाल।। (राग गोंड़ म:5,) 7
 हरि कीर्तन सुनै
 हरि कीर्तन गावै।।
 तिस जन दुख निकटि (राग गओड़ी म:5) 8
 नहीं आवै

राग नाद के महत्व को प्रकाशित करते हुए गुरू जी ने लिखा है

राग नाद शबदि सोहने, जा लागै सहिज ध्यानु ।।9

कल्युग महि कीर्तन प्रधाना ।। गुरमुखि जपीऐ लाइि धिआना ।।10

इस प्रकार जहां वैदिक काल, रामायन तथा महाभारत युगों में हमारे भारतीय मनीषियों ने संगीत का सम्बन्ध अध्यात्म से स्थापित किया वहीं मध्यकाल के महांपुरूषों सूफी संतो, प्रचारकों तथा सिख गुरू सहिबानों ने 'गुरूमति संगीत' परम्परा को चला कर अध्यात्मिक्ता तथा संगीत के अटूट संबंध का एक सशक्त प्रमाण प्रसतुत दिया उपरोक्त गुरवाणी पदों की रचनाओं का अध्यायन करने पर संगीत और अध्यात्मिका के अंतर सम्बन्ध के सभी संदेह दूर हो जाते हैं इन्हीं गुरवाणी पंक्तियों तथा प्रमाणों के आधार पर कहा जा सकता है, कि सिख गुरू सहिबान ब्रह्म ज्ञानी होने के साथ-साथ कुशल संगीतज्ञ भी थे, इस प्रकार सिख गुरूओं का संगीत और अध्यात्मिकता के प्रति प्रेम और श्रद्धा भाव भी दृष्टिगोचर होता है।

गुरू ग्रन्थ साहिब की स्पूर्ण वाणी रागों में अंकित है। सिख धर्म में गुरवाणी को निर्धारित रागों में ही गायन करने का विधान है ऐसा करने के पीछे एक वैज्ञानिक कारण भी दृष्टिगोचर होता है अनुमान है कि सभी गुरू साहिबानों ने भी इस बात को अनुभव किया होगा। वास्तव में गुरवाणी के शब्दों के भाव (According to the Gurbani Shabad Wording) में जो बात गुरू जी हमें समझाना चाहते हैं अर्थात् जैसे भाव गुरवाणी पद् रचानाओं से प्रकट हो रहे हैं उन्हीं भावों के अनुसार राग के स्वरों के चलन तथा वैसी शब्द भावनाओं को स्वर लहरीओं (Vibration) के द्वारा भाव प्रकट करने वाले सांगीतिक रागों को लेकर सिख गुरूओं ने वाणी के शब्दों को उन्ही रागों में अंकित किया तथा साथ में लय वद्धता के लिए 'घर' शब्द का प्रयोग भी 'ताल' के अर्थ में गुरू साहिबानों ने किया। यहां पर संगीत + अध्यात्म + संगीत चिकित्सा के साथ साथ 'ताल' का महत्व भी दृष्टिगोचर हो जाता है।

अर्थात् संगीत को अध्यात्मिकता के साथ-जोड़ कर संगीत के महत्व एवं 'नाद ब्रह्म' रूप होने का संदेश हमें बहुत पहले ही हमारे गुरूओं, मनीणियों तथा प्राचीन संगीतकारों ने दे दिया था। परन्तु बड़े दुख की बात है, कि संगीत के नाद तरंगों का प्रयोग हमारे देश में हुए राजा-महाराजाओं तथा बादशाहों ने अपनी काम वासनाओं की भावनाओं को उकसाने तथा भौतिक सुखों की प्राप्ती के आनन्द के लिए भी किया। संगीत के महत्त्व को पहचानते हुए हमारे धर्म ने संगीत को देवलोक की कला माना है। राग नाद के महत्व को प्रकाशित करते हुए भाई गुरदास जी लिखते हैं :-

जअुपै जाने राग नाद सुनीअत सर्वन कै
सर्वन सहत किअु बहरों बिसेख ही ।।11

उस परम दिव्य निराकार शक्ति से जुड़े अनुभवी व्यक्तियों के दृष्टिकोण अनुसार कला तो वह तत्व है जो मुक्ति का मार्ग प्रशस्त करे। संगीत कला जिसे सभी 64 प्रकार की कलाओं में प्रमुख स्थान प्राप्त है, इसके पीछे भी यही विचारधारा है कि 'नाद' को ईश्वर रूप मान कर अभ्यास द्वारा 'नाद' की साधना करना भी पूजा के ही समान है अर्थात् सांगीतिक 'नाद' ईश्वर का साक्षात रूप है। गुरू नानक देव जी का गुरमति संगीत, मीरां का एक तारे के साथ हरि गुण गायन, स्वामी हरिदास, वैजू-बाबरा, गोपाल नायक, पंडित विष्णु दिगंबर पलुसकर, पंडित भातखडें, विद्वानों ने संगीत को अध्यात्म से जोड़ कर समाज के दबे-कुचले लोगों को अध्यात्मवाद का एक नया पाठ पड़ाया।

वास्तव में संगीत के स्वरों की तुलना एक वर्तन से की जा सकती है जिस प्रकार किसी एक बर्तन में चाहे अमृत भर लो या विष, वर्तन की छवि भी हमारे मन के भीतर वही रूप धारण कर लेती है जैसा पदारथ उस वर्तन में डाला जाता है । ठीक उसी प्रकार संगीत भी सात स्वरों की 'सरगम' में ढला एक ऐसा वर्तन है यद्यपि इस में हमारे द्वारा अमृत रूपि वाणी के शब्दों को भर लिया जाए तो जीवन का कल्याण हो जाता है यद्यपि वासनाओं में गूंथे शब्दों को भर दिया जाए तो जीवन का विनाश होने में अधिक समय नहीं लगता।

'अध्यात्मिकता' से जुड़ कर जीवन की वास्तविक्ता तथा जीवन के मूल्यों का ज्ञान होता है, 'अध्यात्मिकता' की पहिचान तथा प्राप्ति गुरू की शरन प्राप्त कर तथा गुरू के चरणों में बैठ कर विनमर्ता से प्राप्त की जा सकती।

जे सओ चन्दा उगवहि, सूरज चडहि हज़ार
ऐते चानण होदियां, गुरू बिंन घोर अंधार।।11 (राग आसा, महला,2)

अर्थात :- गुरू ज्ञान के प्रकाश बिना जीवन में अंधेरा ही अंधेरा है, गुरू को साक्षात प्रमेश्वर का रूप कहा गया है।

गुरू परमेसरू ऐको जाणु
जो तिसु भावै सो परवान ।।

स्वर तो अपना प्रभाव छोड़ेगा ही अब यह हमने देखना है कि सांगीतिक नाद शक्ति का उपयोग कैसे करना है इस बात की समझ अध्यात्मिकता से जुड़ कर ही आ सकती है। इसमें कोई संदेह नहीं यद्यपि किसी व्यक्ति को

अध्यात्म तथा संगीत प्राप्त हो जाएं तो जीवन आनंदमय हो जाता है। वास्तव में मनुष्य जीवन का लक्ष्य इस मृत्यु लोक में जन्म लेकर - आत्मलाभ प्राप्त करना ही हमारे धर्म ग्रन्थों में बताया गया है। उपनिषदों में भी आत्मा के उच्च लक्ष्य को पंचकोशों मे बताये गए हैं।

(1) अन्नमय कोश, प्राणमय कोश, मनोमय कोश, विज्ञानमय कोश तथा आनन्दमय कोश इन सभी में 'आनन्द मय' कोश का महत्व सब से अधिक माना गया है। मनुष्य मन के भीतर पाँच वीकारों काम, क्रोध, लोभ, मोह, अहंकार का पहरा लगातार (Continue) बना रहता है, इन वीकारों को 'अध्यात्मिकता' से जोड़ कर ही दूर किया जा सकता है गुरू अर्जुन देव जी के अनुसार : -

भई परापति मानुख दोहुरीआ

गोविंद मिलन की इहि तेरी बरीआ ।।12

अर्थात: - हे मानव्। तुम्हें मनुष्य का जन्म बड़ी मुश्किल से जो प्राप्त हुआ है, इसी जन्म में ही तूँ हरि का भजन तथा गुण गान कर उस ईश्वर को प्राप्त कर सकता है।

निष्कर्ष: - अध्यात्मिकता तथा संगीत का बहुत गहरा रिश्ता है, हमारे भारत में हुए अनेकों संतों, भक्तों, फकीरों तथा मनीषीयों ने संगीत के महत्व को स्वीकार किया तथा अपने पावन बचनों को संगीत के माध्यम द्वारा जन-जन वक पहुँचाया संगीत हमारे मन तथा बुद्धि को काबू कर हमारे ध्यान को एकाग्र करने में हमारी सहायता करता है और हम अपने लक्ष की ओर बढ़ना शुरू कर देते हैं। वास्तव में संगीत एक ऐसा सेतू है जिस पर सवार होकर हमें जीवन के मूल्यों की समझ आने लगती है 'अध्यात्मिकता' की प्रथम और अंतिम सीड़ी भी संगीत को माध्यम बना कर ही बड़ी शीर्घता से तय की जा सकती है।

पाद् टिप्पनियां


1. पंजाबी साहित्य कोश (द्वितीय संस्करण 2000), पृ. 113
2. निबंध संगीत, डा. लक्ष्मी नारायण गर्ग, पृ. 538
3. भारतीय संस्कृति कोश, (संस्करण 2002), पृ. 32
4. गुरू ग्रन्थ साहिब (श्लोक वारां ते वधीक महला, 5वां) पृ. 1421
5. गुरू ग्रन्थ साहिब (राग सोरठ महला, 5वां)पृ. 627
6. गुरू ग्रन्थ साहिब (राग सोरठ महला, 5वां)पृ. 686
7. गुरू ग्रन्थ साहिब (राग गोड़ महला, 5वां)पृ. 866
8. गुरू ग्रन्थ साहिब (राग गाओड़ी महला, 5वां)पृ. 190
9. गुरू ग्रन्थ साहिब (राग बिलावल महला, 3जां)पृ. 849
10. गुरू ग्रन्थ साहिब (राग मारू महला, 5वां)पृ. 1075
11. भाई गुरदास जी (वार) शब्द अंग, 42
12. गुरू ग्रन्थ साहिब (राग आसा महला 5वां) पृ. 463
13. गुरू ग्रन्थ साहिब (राग गोंड महला, 5वां) पृ. 864
14. गुरू ग्रन्थ साहिब (सो पुरख, महला 5वां) पृ. 12



सिंघानियां विश्वविद्यालय, पचेरी बारी, झुन्झुनु (राजस्थान)

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਬੇਨਤੀ ਹੇ ਕਿ ਜੇ ਕਿਸੇ ਪ੍ਰੇਮੀ ਨੇ ਭਾਈ ਕਰਮ ਸਿੰਘ ਰਤਨ ਜੀ ਦੇ ਕੀਰਤਨ ਦੀਆਂ ਇਹ ਕੈਸਿਟਾਂ ਪ੍ਰਾਪਤ ਕਰਨੀਆਂ ਹੋਣ ਤਾਂ ਉਹ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 565 VHAKRAPHET ROAD BANGKOK -10200 (THAILANBD) ਅਤੇ ਫੋਨ ਟਰ 02 221 1011 02 224 8096 ਤੋਂ ਆਪ ਜੀ ਪ੍ਰਾਪਤ ਕਰ ਸਕਦੇ ਹੋ ਜੀ।

ਥਾਈਲੈਂਡ ਬੈਂਕੋਕ ਵਿਖੇ ਡਾ. ਕਰਮ ਸਿੰਘ ਰਤਨ ਦੇ ਜਥੇ ਦਾ ਪ੍ਰੋਗਰਾਮ ਤਿੰਨ ਮਹੀਨੇ ਦਾ ਸੀ। ਸੰਨ 1983 ਵਿੱਚਅਗਸਤ ਸਤੰਬਰ ਤੇ ਅਕਤੂਬਰ ਤਕ ਤੇ ਉਸ ਤੋਂ ਬਾਅਦ 3 ਤਿੰਨ ਮਹੀਨੇ ਸਿੰਘਾਪੁਰ ਲਾਣੇ ਸਨ ਤੇ ਜਦੋਂ ਦੋ ਮਹੀਨੇ ਬੀਤ ਗਏ ਤਾਂ ਸੁਰਜੀਤ ਸਿੰਘ ਕੰਵਲ ਸਕੱਤਰਸਾਹਿਬ ਨੇ ਗੁਰਦੁਆਰਾ ਗੁਰੂ ਨਾਨਕ ਸਤਸੰਗ (ਕਾਤੋਂਗ ਸਿੰਘਾਪੁਰ ਸ. ਸੁਰਿੰਦਰ ਸਿੰਘ ਸਕੱਤਰਨਾਲ ਫੋਨ ਤੇ ਗੱਲਬਾਤ ਕੀਤੀ ਕਿ ਅੱਜ ਕਲ ਸਾਡੇ ਪਾਸ ਭਾਈ ਕਰਮ ਸਿੰਘ ਰਤਨ ਜੀ ਦਾ ਰਾਗੀ ਜਥਾ ਕੀਰਤਨ ਦੀ ਸੇਵਾ ਕਰ ਰਹਿਆ ਹੈ। ਇਹ ਜਥਾ ਬਹੁਤ ਪਿਆਰਾ ਅਤੇ ਪ੍ਰਭਾਵਸ਼ਾਲੀ ਕੀਰਤਨ ਕਰਦਾ ਹੇ ਅਤੇ ਦੋ ਮਹੀਨੇ ਹੋ ਗਏ ਹਨ। ਇਕ ਮਹੀਨਾ ਹੋਰ ਇਹਨਾਂ ਨੇ ਏਥੇ ਲਾਣਾ ਹੈ , ਅਕਤੂਬਰ ਦੇ ਆਖੀਰ ਵਿੱਚਇਹ ਜਥਾ ਅਸੀ ਆਪ ਜੀ ਪਾਸ ਸਿੰਘਾਪੁਰ ਭੇਜ ਦੇਵਾਂਗੇ। ਸਿੰਘਾਪੁਰ ਦੇ ਸਕੱਤਰਨੇ ਕਿਹਾ ਕਿ ਸਾਡੇ ਪਾਸ ਇਸ ਵੇਲੇ ਇਕ ਹੋਰ ਰਾਗੀ ਜਥਾ ਕੀਰਤਨ ਕਰ ਰਿਹਾ ਹੈ। ਉਸ ਨੇ ਦੋ ਮਹੀਨੇ ਰਹਿਣਾ ਹੇ ਨਵੰਬਰ ਤਕ ਸੋ ਤੁਸੀ ਰਤਨ ਜੀ ਜਥੇ ਨੂੰ ਮਲੇਸ਼ੀਆ ਭੇਜ ਦਿਉ ਤੇ ਮਲੇਸ਼ੀਆ ਤੋਂ ਅਸੀਂ ਇਹਨਾਂ ਨੂੰ ਸਿੰਘਾਪੁਰ ਬੁਲਾ ਲਵਾਂਗੇ। ਫਿਰ ਸ. ਸੁਰਜੀਤ ਸਿੰਘ ਕੰਵਲ ਜੀ ਨੇ ਗੁਰਦੁਆਰਾ ਗੁੰਬਦ ਲਾਈਨ ਕੁਆਲਾਲੰਪਰ ਮਲੇਸ਼ੀਆ ਫੋਨ ਕੀਤਾ ਤੇ ਉਥੇ ਦੇ ਪ੍ਰਬੰਧਕ ਨਾਲ ਗੱਲ ਕੀਤੀ ।

ਥਾਈਲੈਂਡ ਬੈਂਕੋਕ ਦੇ ਗੁਰਦੁਆਰਾ ਪ੍ਰਬੰਧ ਬਾਰੇ ਕੁਛ ਖਾਸ ਗੱਲਾਂਸੰਗਤਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ। ਜਿਸ ਤਰ੍ਹਾ ਇੰਡੀਆ ਵਿਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਭ ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਦੀ ਹੈ, ਇਸੇ ਤਰ੍ਹਾਂ ਥਾਈਲੈਂਡ ਦੇ ਜਿਹਨਾਂ ਸ਼ਹਿਰਾਂ ਵਿੱਚ ਗੁਰਦੁਆਰੇ ਹਨ, ਉਨਾਂ ਸਭ ਗੁਰਦੁਆਰਿਆਂ ਦਾ ਪ੍ਰਬੰਧ ਬੈਂਕੋਕ ਕਮੇਟੀ ਹੀ ਸੰਭਾਲਦੀ ਹੈ, ਥਾਈਲੈਂਡ ਦੇ ਕਿਸੇ ਵੀ ਸ਼ਹਿਰ ਵਿੱਚਕੋਈ ਰਾਗੀ ਜਥਾ ਭੇਜਣਾ ਹੋਵੇ ਜਾਂ ਕੋਈ ਗ੍ਰੰਥੀ ਭੇਜਣਾ ਹੋਵੇ ਜਾਂ ਕੋਈ ਪ੍ਰਚਾਰਕ ਕਥਾ ਵਾਚਕ , ਇਹ ਸਾਰਾ ਕੰਮ ਬੈਂਕੋਕ ਦੀ ਕਮੇਟੀ ਦੀ ਹੀ ਜਿੰਮੇਦਾਰੀ ਹੈ। ਇਹ ਹੋਰ ਬੜੀ ਖੁਸ਼ੀ ਦੀ ਗੱਲ ਇਹ ਸੀ ਕਿ ਗਿ. ਅਰਜਨ ਸਿੰਘ ਜੀ ਜੋ ਕਿ ਬੈਂਕੋਕ ਸਿੰਘ ਸਭਾ ਦੇ ਹੈੱਡ ਗ੍ਰੰਥੀ ਸਨ (ਹੁਣ ਤਾਂ ਉਹ ਸਵਰਗਵਾਸ ਹੋ ਚੁੱਕੇਹਨ) ਓਹ ਬਹੁਤ ਹੀ ਮਹਾਨ ਸਖ਼ਸ਼ੀਅਤ ਸਨ, ਅਤੇ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਸਿੰਘ ਸਾਹਿਬ ਦੀ ਪਦਵੀ ਵੀ ਬਖ਼ਸ਼ਿਬ ਕੀਤੀ ਗਈ ਸੀ, ਅਤੇ ਉਹਨਾਂ ਦੀ ਖੂਬੀ

ਇਹ ਸੀ ਕਿ ਜਿਤਨਾਂ ਚਿਰ ਓਹ ਸਿੰਘ ਸਭਾ ਬੈਂਕੋਕ ਦੇ ਹੈਡ ਗ੍ਰੰਥੀ ਰਹੇ, ਉਤਨੀ ਦੇਰ ਸਿੱਖਾਂਦਾ ਕੋਈ ਵੀ ਕੇਸ ਭਾਵੇਂ ਉਹ ਕਿਸੇ ਵੀ ਕਿਸਮ ਦਾ ਕਿਉਂ ਨਾ ਹੋਵੇ, ਕੋਈ ਵੀ ਕੇਸ ਅਦਾਲਤ ਵਿੱਚਨਹੀਂ ਗਿਆ, ਸਭ ਧਿਰਾਂ ਸਿੰਘ ਸਭਾ ਬੈਂਕੋਕ ਗਿ: ਅਰਜਨ ਸਿੰਘ ਪਾਸ ਆ ਜਾਂਦੀਆਂ ਸਨ, ਉਹ ਜੋ ਵੀ ਫੈਸਲਾ ਦੇ ਦੇਣ, ਉਹਨਾਂ ਦੇ ਫੈਸਲੇ ਅੱਗੇਸਭ ਸਿਰ ਝੁਕਾਂਦੇ ਸਨ, ਕੋਈ ਵੀ ਉਸ ਦੇ ਕਿੰਤੂ ਪ੍ਰੰਤੂ ਨਹੀ਼ ਸੀ ਕਰਦਾ।

ਦੂਜੀ ਗੱਲਇਹ ਸੀ ਕਿ ਥਾਈਲੈਂਡ ਵਿੱਚਬਾਦਸ਼ਾਹ ਅਤੇ ਪ੍ਰਧਾਨ ਮੰਤਰੀ ਤੋਂ ਬਾਅਦ ਗਿ: ਅਰਜਨ ਸਿੰਘ ਦੀ ਗੱਡੀਨੂੰ ਪੁਲੀਸ ਨਹੀਂ ਸੀ ਰੋਕ ਸਕਦੀ ਤੇ ਉਹਨਾਂ ਦੀ ਗੱਡੀਨੂੰ ਵੀ ਪੁਲੀਸ ਸਲੂਟ ਮਾਰਦੀ ਸੀ, ਅਤੇ ਥਾਈਲੈਂਡ ਦਾ ਬਾਦਸ਼ਾਹ ਤੇ ਮਹਾਰਾਣੀ ਗਿ: ਅਰਜਨ ਸਿੰਘ ਜੀ ਦੇ ਪੈਂਰੀ ਹਥ ਲਾਂਦੇ ਸਨ।ਜਦੋ ਗਿ: ਅਰਜਨ ਸਿੰਘ ਜੀ ਸਵਰਗਵਾਸ ਹੋਏ, ਉਹਨਾਂ ਦੀ ਅਰਥੀ ਨਾਲ ਸਭ ਦੇਸ਼ਾਂ ਦੀਆਂ ਅੰਬੈਸੀਆਂ ਦੇ ਸਫੀਰਾਂ ਦੀਆਂ ਗੱਡੀਆਂਉਹਨਾਂ ਦੀ ਅਰਥੀ ਦੇ ਮਗਰ ਸਨ ਅਤੇ ਉਹਨਾਂ ਦਾ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਥਾਈਲੈਂਡ ਦਾ ਇਹ ਰਿਵਾਜ ਹੈ, ਜਿਸ ਨੂੰ ਸਭ ਤੋਂ ਵੱਡਾਸਨਮਾਨ ਦੇਣਾ ਹੋਵੇ, ਉਸ ਦੇ ਸਸਕਾਰ ਵਾਸਤੇ ਅੱਗਦੀ ਜੋਤ ਬਾਦਸ਼ਾਹ ਦੇ ਮਹਿਲ ਵਿਚੋਂ ਜਾਂਦੀ ਹੈ ਤੇ ਗਿ: ਅਰਜਨ ਸਿੰਘ ਦੇ ਸਸਕਾਰ ਵਾਸਤੇ ਬਾਦਸ਼ਾਹ ਦੇ ਮਹਿਲ ਵਿਚੋਂ ਅਗਨੀ ਭੇਜੀ ਗਈ ਸੀ।

--- ਮੈਂ ਆਪਣੇ ਮੂਲ ਲੇਖ ਵਲ ਵਾਪਸ ਆਵਾਂ---- ਬੈਂਕੋਕ ਸਿੰਘ ਸਭਾ ਨੇ ਰਤਨ ਜੀ ਦਾ ਪ੍ਰੋਗਰਾਮ 15 ਅਕਤੂਬਰ 1983 ਤੱਕਰੱਖਿਆ। ਫਿਰ ਇੱਕਇੱਕਹਫਤੇ ਲਈ ਥਾਈਲੈਂਡ ਦੇ ਵੱਖਵੱਖਸ਼ਹਿਰਾਂ ਵਿੱਚਕੀਰਤਨ ਪ੍ਰੋਗਰਾਮ ਰੱਖਿਆਗਿਆ। ਇਕ ਹਫ਼ਤਾ ਖੂਨਘੇਨ ਵਿਖੇ ਸਿੰਘ ਸਭਾ ਅਤੇ ਇਕ ਹਫ਼ਤਾ ਹਟਿਆਈ ਸ਼ਹਿਰ ਵਿਖੇ, ਜੋ ਕੇ ਥਾਈਲੈਂਡ ਤੇ ਮਲੇਸ਼ੀਆ ਦੇ ਬਾਰਡਰ ਤੇ ਹੈ।

15 ਅਕਤੂਬਰ 1983 ਨੂੰ ਰਤਨ ਜੀ ਦੇ ਰਾਗੀ ਜਥੇ ਨੂੰ ਸਭਾ ਵੱਲੋਂਅਤੇ ਸੰਗਤਾਂ ਵਲੋਂ ਬੜੀ ਨਿਘੀ ਵਿਦਾਇਗੀ ਦਿੱਤੀਗਈ, ਅਤੇ ਸਤਿਕਾਰ ਵਜੋਂ ਜਥੇ ਦੇ ਤਿੰਨਾਂ ਮੈਂਬਰਾਂ ਨੂੰ ਇੱਕਇੱਕਗੋਲਡ ਮੈਡਲ ਦੇ ਕੇ ਨਿਵਾਜਿਆ ਗਿਆ। ਸ: ਸੁਰਜੀਤ ਸਿੰਘ ਸਕੱਤਰਨੇ ਸਟੇਜ ਤੋਂ ਭਰਪੂਰ ਪ੍ਰਸ਼ੰਸਾ ਕੀਤੀ।

15 ਤਰੀਕ ਨੂੰ ਹੀ ਪ੍ਰਬੰਧਕਾਂ ਨੇ ਜਥੇ ਨੂੰ ਘੁਨਘੈਨ ਜਾਣ ਲਈ ਟਿਕਟਾਂ ਲੈ ਕੇ ਬੈਂਕੋਕ ਤੋਂ ਬਸ ਚੜ੍ਹਾ ਦਿੱਦਾਤੇ ਸ਼ਾਮ ਤੱਕਆਪ ਜੀ ਦਾ ਜਥਾ ਗੁਰਦੁਆਰਾ ਸਿੰਘ ਸਭਾ ਖੁਨਘੈਨ ਪਹੁੰਚ ਗਿਆ, ਇਹ ਸ਼ਹਿਰ ਬੈਂਕੋਕ ਤੋਂ ਉੱਤਰਪੂਰਬ ਤਕਰੀਬਨ ਦੋ ਸੋ ਕਿਲੋਮੀਟਰ ਦੇ ਕਰੀਬ ਹੈ। ਇਸ ਅਸਥਾਨ ਤੇ ਆਪ ਜੀ ਨੇ 16 ਤਰੀਕ ਐਤਵਾਰ ਤੋਂ ਲੈ ਕੇ 23 ਅਕਤੂਬਰ ਐਤਵਾਰ ਤੱਕਪੂਰੇ 8 ਦਿਨ ਲਗਾਤਾਰ ਕੀਰਤਨ ਕੀਤਾ। ਸੰਗਤ ਕੀਰਤਨ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ 23 ਤਰੀਕ ਨੂੰ ਖੂਨਘੇਨ ਦੀ ਸੰਗਤ ਨੇ ਆਪ ਜੀ ਦੇ ਜਥੇ ਨੂੰ ਭਾਵਪੂਰਤ ਵਿਦਾਇਗੀ ਦਿੱਤੀਅਗਲੇ ਦਿਨ 24 ਅਕਤੂਬਰ ਸੋਮਵਾਰ ਆਪ ਜੀ ਦੀਆਂ ਰੇਲ ਦੀਆਂ ਸੀਟਾਂ ਬੈਂਕੋਕ ਦੀ ਕਮੇਟੀ ਨੇ ਬੁੱਕਕਰਵਾ ਛੱਡੀਆਂਸਨ, ਆਪ ਜੀ ਰੇਲ ਰਾਹੀਂ ਹਟਿਆਈ ਸ਼ਹਿਰ ਲਈ ਚੱਲਪਏ, ਬੈਂਕੋਕ ਤੋਂ ਹਟਿਆਈ ਦਾ ਰਸਤਾ ਐਕਸਪ੍ਰੈਸ ਰੇਲ ਦਾ ਰਸਤਾ ਇਕ ਦਿਨ ਤੇ ਇਕ ਰਾਤ ਦਾ ਹੈ। ਉਥੋਂ ਦਾ ਰੇਲ ਪ੍ਰਬੰਧ ਬਹੁਤ ਵਧੀਆ ਹੈ ਅਤੇ ਸੁਵਿਧਾ ਜਨਕ ਹੇ। ਰਾਗੀ ਜਥਾ 25 ਤਰੀਕ ਮੰਗਲਵਾਰ ਨੂੰ ਦੁਪਹਿਰੇ ਹਟਿਆਈ ਰੇਲਵੇ ਸਟੇਸ਼ਨ ਪਹੁੰਚ ਗਿਆ। ਸਟੇਸ਼ਨ ਤੋਂ ਲੈਣ ਵਾਸਤੇ ਗੁਰਦੁਅਰਾ ਕਮੇਟੀ ਦੇ ਸਿੰਘ ਆਏ ਹੋਏ ਸਨ, ਓਹ ਜਥੇ ਨੂੰ ਗੁਰਦੁਆਰਾ ਸਾਹਿਬ ਲੈ ਗਏ ਤੇ ਭਾਈ ਸਾਹਿਬ ਦੇ ਜਥੇ ਦੀ ਰਿਹਾਇਸ਼ ਕਿਸੇ ਗੁਰਸਿੱਖਪ੍ਰੇਮੀ ਦੇ ਘਰ ਰੱਖੀਗਈ, ਕਿਉਂਕੇ ਉਹਨਾਂ ਦਿਨਾਂ ਵਿੱਚ ਨਵੇ ਗੁਰਦੁਆਰੇ ਦਾ ਉਦਘਾਟਨ ਕਰਨਾ ਸੀ, ਇਸ ਲਈ ਬੈਂਕੋਕ ਤੋਂ ਵੀ ਕਾਫੀ ਸੰਗਤ ਟਰੇਨ ਵਿੱਚਆਈ ਹੋਈ ਸੀ ਅਤੇ ਬੈਂਕੋਕ ਸਿੰਘ ਸਭਾ ਦੇ ਪ੍ਰਬੰਧਕ ਅਤੇ ਗਿ: ਅਰਜਨ ਸਿੰਘ ਹੈਡ ਗ੍ਰੰਥੀ ਸਾਹਿਬ ਵੀ ਨਾਲ ਆਏ ਸਨ ਸੋ 26 ਤ੍ਰੀਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਗਰ ਕੀਰਤਨ ਦੀ ਸ਼ਕਲ ਵਿੱਚਕਿਸੇ ਦੇ ਘਰੋਂ ਬੜੀ ਸ਼ਾਨ ਸ਼ੋਕਤ ਨਾਲ ਗੁਰਦੁਆਰਾ ਸਹਿਬ ਲਿਆਂਦਾ ਗਿਆ ਤੇ ਫਿਰ ਗੁਰਦੁਆਰੇ ਰਤਨ ਜੀ ਦੇ ਕੀਰਤਨ ਤੋਂ ਬਾਅਦ ਅਖੰਡ ਪਾਠ ਸਾਹਿਬ ਅਰੰਭ ਕੀਤਾ ਗਿਆ, ਅਤੇ ਤੀਜੇ ਦਿਨ ਅਖੰਡ ਪਾਠ ਦੇ ਭੋਗ ਤੋਂ ਬਾਅਦ

ਰਤਨ ਜੀ ਨੇ ਕੀਰਤਨ ਕੀਤਾ ਤੇ ਬਾਅਦ ਵਿੱਚ ਹੋਰ ਪ੍ਰੇਮੀਆਂ ਨੇ ਕੀਰਤਨ ਕੀਤਾ ਤੇ ਦੀਵਾਨ ਦੀ ਸਮਾਪਤੀ ਤੋਂ ਬਾਅਦ, ਭਾਈ ਕਰਮ ਸਿੰਘ ਰਤਨ ਜੀ ਦੇ ਜਥੇ ਨੂੰ ਪੂਰੇ ਸਤਕਾਰ ਨਾਲ ਸੰਗਤ ਵੱਲੋਂ ਵਿਦਾਇਗੀ ਦੇ ਕੇ ਮਲੇਸ਼ੀਆ ਜਾਣ ਲਈ ਵਿਦਿਆ ਕੀਤਾ।

ਹਟਿਆਈ ਵਾਲੇ ਪ੍ਰੋਗਰਾਮ ਵਿੱਚ ਕੁੱਝ ਸੰਗਤ ਮਲੇਸ਼ੀਆ ਤੋਂ ਵੀ ਆਈ ਹੋਈ ਸੀ ਤੇ ਉਸ ਸੰਗਤ ਵਿੱਚ ਸ: ਵਰਿਆਮ ਸਿੰਘ ਜੋ ਕਿ ਮਲੇਸ਼ੀਆ ਦੀ ਪੁਲੀਸ ਵਿੱਚ ਇਨਸਪੈਕਟਰ ਸਨ, ਓਹ ਵੀ ਆਏ ਹੋਏ ਸਨ। ਮਲੇਸ਼ੀਆ ਦੇ ਬਾਡਰ ਪਾਰ ਕਰਕੇ ਕੋਈ 50 ਕਿਲੋਮੀਟਰ ਅੱਗੇ ਜਾ ਕੇ ਇੱਕ ਸ਼ਹਿਰ ਹੈ ਜਿਤਰਾ, ਇਹ ਸ: ਵਰਿਆਮ ਸਿੰਘ ਜਿਤਰਾ ਦੇ ਰਹਿਣ ਵਾਲੇ ਸਨ ਤੇ ਬੈਂਕੋਕ ਦੇ ਪ੍ਰਬੰਧਕਾਂ ਨੇ ਸ: ਵਰਿਆਮ ਸਿੰਘ ਜੀ ਨੂੰ ਜਿੰਮੇਵਾਰੀ ਸੌਂਪੀ ਕਿ ਤੁਸੀ ਰਤਨ ਜੀ ਦੇ ਜਥੇ ਨੂੰ ਮਲੇਸ਼ੀਆ ਦਾ ਵੀਜਾ ਲਵਾ ਕੇ ਇਹਨਾਂ ਦੀ ਮਦਦ ਕਰਨੀ ਹੈ ਤੈ ਉਹਨਾਂ ਨੇ ਵਾਇਦਾ ਕੀਤਾ, ਕਿ ਮੈਂ ਪੂਰਾ ਸਹਿਯੋਗ ਕਰਕੇ ਇਹਨਾਂ ਨੂੰ ਸ਼ਾਨ ਨਾਲ ਲੈ ਜਾਵਾਂਗਾ।

ਸੋ ਹਟਿਆਈ ਗੁਰਦੁਆਰੇ ਤੋਂ ਇਕ ਪ੍ਰੇਮੀ ਆਪਣੀ ਗੱਡੀ ਤੇ ਰਤਨ ਜੀ ਜਥੇ ਅਤੇ ਸ: ਵਰਿਆਮ ਸਿੰਘ ਨੂੰ ਥਾਈਲੈਂਡ ਤੇ ਮਲੇਸ਼ੀਆ ਦੇ ਬਾਡਰ ਤੱਕ ਪਹੁੰਚਾ ਗਏ। ਸ: ਵਰਿਆਮ ਸਿੰਘ ਜੀ ਨੇ ਅਫ਼ਸਰਾਂ ਨਾਲ ਗੱਲ ਕਰਕੇ ਜਥੇ ਦਾ ਮਲੇਸ਼ੀਆ ਦਾ ਵੀਜਾ ਲਗਵਾ ਲਿਆ। ਸ: ਵਰਿਆਮ ਸਿੰਘ ਜੀ ਦੇ ਸ਼ਹਿਰ ਜਿਤਰਾ ਵਿੱਚ ਥੋਹੜੇ ਜਿਹੇ ਸਿੱਖਾਂ ਦੇ ਘਰ ਹਨ, ਤੇ ਉਹਨਾਂ ਨੇ ਗੁਰਦਵਾਰਾ ਵੀ ਬਣਾਇਆ ਹੋਇਆ ਹੈ। ਵਰਿਆਮ ਸਿੰਘ ਜੀ ਨੇ ਰਤਨ ਜੀ ਦੇ ਜਥੇ ਨੂੰ ਉਸ ਗੁਰਦੁਆਰੇ ਪਹੁੰਚਾ ਦਿੱਤਾ। ਰਤਨ ਜੀ ਨੇ ਸ: ਵਰਿਆਮ ਸਿੰਘ ਜੀ ਨੂੰ ਦੱਸਿਆ ਕਿ ਅਸੀਂ ਕੁਆਲਾ ਲੰਪਰ ਪਹੁੰਚਣਾ ਹੇ ਤਾਂ ਉਹਨਾਂ ਕਿਹਾ ਕਿ ਤੁਸੀਂ ਅੱਜ ਏਥੇ ਆਰਾਮ ਕਰੋ ਤੇ ਕਲ ਤੁਹਾਨੂੰ ਅਸੀ ਕੁਆਲਾ ਲੰਪਰ ਲਈ ਬਸ ਚੜ੍ਹਾ ਦੇਵਾਂਗੇ। ਪਰ ਜਿਤਰੇ ਵਿਖੇ ਇਕ ਪ੍ਰੇਮੀ ਦੇ ਘਰ ਅਖੰਡ ਪਾਠ ਰੱਖਿਆ ਹੋਇਆ ਸੀ ਤੇ ਉਹਨਾਂ ਨੇ ਬੇਨਤੀ ਕਰ ਕੇ ਰਤਨ ਜੀ ਨੂੰ ਰੋਕ ਲਿਆ । ਇਸ ਤਰ੍ਹਾ ਰਤਨ ਜੀ ਦਾ ਜਥਾ ਤਿੰਨ ਦਿਨ ਜਤਿਰਾ ਵਿਖੇ ਹੀ ਠਹਿਰ ਗਿਆ। ਗੁਰਦੁਆਰੇ ਅਤੇ ਪ੍ਰੇਮੀਆ ਦੇ ਘਰ ਕੀਰਤਨ ਸੁਣਾ ਕੇ ਸੰਗਤਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। 30 ਅਕਤੂਬਰ ਐਤਵਾਰ ਨੂੰ ਅਖੰਡ ਪਾਠ ਦੇ ਭੋਗ ਤੋਂ ਬਾਅਦ ਜਿਤਰਾ ਦੇ ਪ੍ਰਬੰਧਕਾਂ ਨੇ ਬਸ ਦੀਆਂ ਟਿਕਟਾਂ ਲੈ ਕੇ ਰਤਨ ਜੀ ਦੇ ਜਥੇ ਨੂੰ ਬਸ ਚੜ੍ਹਾ ਦਿੱਤਾ। ਅਗਲੇ ਦਿਨ ਸਵੇਰੇ 31 ਅਕਤੂਬਰ ਨੂੰ 5 ਵਜੇ ਬਸ ਕੁਆਲਾ ਲੰਪਰ ਮਲੇਸ਼ੀਆ ਦੀ ਰਾਜਧਾਨੀ ਪਹੁੰਚ ਗਈ। ਜਥਾ ਬਸ ਸਟੈਂਡ ਤੋਂ ਟੈਕਸੀ ਕਰਕੇ ਗੁਰਦੁਆਰਾ ਗੁੰਬਦ ਲਾਈਨ ਪਹੁੰਚ ਗਿਆ ਤੇ ਪ੍ਰਬੰਧਕਾਂ ਨੇ ਗੁਰਦੁਆਰਾ ਦੇ ਮੈਨੇਜਰ ਨੂੰ ਜਥੇ ਦੇ ਆਉਣ ਦੀ ਇਤਲਾਹ ਦਿੱਤੀ ਹੋਈ ਸੀ, ਤੇ ਮੈਨੇਜਰ ਨੇ ਭਾਈ ਸਾਹਿਬ ਜੀ ਦੇ ਜਥੇ ਨੂੰ ਰਿਹਾਇਸ਼ ਦੇ ਦਿੱਤੀ ਤਾਂ ਮੈਨੇਜਰ ਨੇ ਦੱਸਿਆ ਕਿ ਸੰਗਤ ਤਾਂ ਸਿਫਰ ਐਤਵਾਰ ਹੀ ਆਉਂਦੀ ਹੈ ਅਤੇ ਉਸ ਦਿਨ ਹੀ ਵੱਡਾ ਸਤਿਸੰਗ ਹੁੰਦਾ ਹੈ। ਅਗੇ ਪਿਛੇ ਤਾਂ ਭਾਈ ਸਤਨਾਮ ਸਿੰਘ ਗ੍ਰੰਥੀ ਹੀ ਕੀਰਤਨ ਕਰ ਛੱਡਦੇ ਹਨ।

ਰਤਨ ਜੀ ਦੇ ਜਥੇ ਦਾ ਵੀਜ਼ਾ 5 ਨਵੰਬਰ ਸ਼ਨੀਵਾਰ ਤੱਕ ਕੇਵਲ ਅੱਠ ਦਿਨਾਂ ਦਾ ਲੱਗਾ ਸੀ। ਮਲੇਸ਼ੀਆ ਕਿਉਂਕਿ ਮੁਸਲਮ ਕੰਟਰੀ ਹੈ ਇਸ ਲਈ ਸ਼ੁਕਰਵਾਰ ਵੀ ਛੁੱਟੀ ਹੁੰਦੀ ਹੈ ਤੇ ਮੈਨੇਜਰ ਨੇ ਦੱਸਿਆ ਕਿ ਸ਼ੁਕਰਵਾਰ ਵੀ ਦੀਵਾਨ ਸੱਜਦਾ ਹੈ ਤਾਂ ਰਤਨ ਜੀ ਦਾ ਜਥਾ ਸੋਮਵਾਰ 31 ਤ੍ਰੀਕ ਕੁਆਲਾ ਲੰਪਰ ਪਹੁੰਚਿਆ ਸੀ ਤੇ 3 ਤਰੀਕ ਨੂੰ ਪਹਿਲਾ ਕੀਰਤਨ ਆਪ ਜੀ ਨੇ ਇਸ ਜਗਾਹ ਤੇ ਕੀਤਾ, ਤੇ ਸੰਗਤਾਂ ਤੇ ਪ੍ਰਬੰਧਕ ਕੀਰਤਨ ਕੀਰਤਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਤੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਪ੍ਰਬੰਧਕਾਂ ਨੇ ਕਿਹਾ ਕਿ ਪਹਿਲੇ ਤੁਸੀਂ ਆਪਣੇ ਪਾਸ ਪੋਰਟ ਦਿਖਾਉ ਵੇਖੀਏ ਵੀਜ਼ਾ ਕਿੰਨੇ ਦਿਨਾਂ ਦਾ ਹੈ। ਫਿਰ ਉਸੇ ਹਿਸਾਬ ਨਾਲ ਤੁਹਾਡੇ ਪ੍ਰੋਗਰਾਮ ਸੈਟ ਕਰਾਂਗੇ, ਤਾਂ ਰਤਨ ਜੀ ਨੇ ਆਪਣੇ ਪਾਸ ਪੋਰਟ ਵੇਖੇ, ਤੇ ਉਹਨਾਂ ਦੱਸਿਆ, ਕਿ ਤੁਹਾਡਾ ਵੀਜਾ ਤਾਂ ਇੱਕ ਹਫਤੇ ਦਾ ਹੈ ਤੇ ਉਹ ਵੀ ਕੱਲ ਤੱਕ ਹੈ ਤਾਂ ਜਥੇ ਨੂੰ ਚਿੰਤਾ ਲਗ ਗਈ ਤੇ ਰਤਨ ਜੀ ਨੇ ਕਿਹਾ ਕੇ ਸਾਨੂੰ ਪਤਾ ਹੀ ਨਹੀਂ ਵੀਜ਼ਾ ਇਕ ਹਫਤੇ ਦਾ ਹੈ (ਚੱਲਦਾ)

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਸੁਰ ਲਿਪੀ- ਰਾਗ ਬਿਲਾਵਲ-

ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ) WWW.GURBANIRAAGS.COM

ਬਿਲਾਵਲ ਠਾਠ ਦਾ ਇਹ ਆਸ਼ਰੀਯ ਰਾਗ ਹੈ, ਇਸ ਦੀ ਜਾਤੀ ਸੰਪੂਰਨ, ਵਾਦੀ ਸੰਵਾਦੀ ਧੈਵਤ, ਗੰਧਾਰ ਅਤੇ ਗਾਉਣ ਦਾ ਸਮਾਂ ਸਵੇਰੇ ਦਾ ਦੂਸਰਾ ਪਹਿਰ ਹੈ। ਇਸ ਵਿੱਚ ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਆਮ ਤੌਰ ਤੇ ਸੰਗੀਤ ਦੀ ਵਿੱਦਿਆ ਬਿਲਾਵਲ ਜਾਂ ਕਲਿਆਨ ਰਾਗ ਨਾਲ ਸ਼ੁਰੂ ਕੀਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੋਹਾਂ ਰਾਗਾਂ ਵਿੱਚ ਬਹੁਤੇ ਸੁਰ ਸ਼ੁੱਧ ਹਨ। ਇਹ ਵੀ ਸਮਝਿਆ ਜਾਂਦਾ ਹੈ ਕਿ ਬਿਲਾਵਲ ਰਾਗ ਸਰਲ ਹੈ ਪਰ ਇਸ ਗੱਲ ਵਿੱਚ ਬਹੁਤ ਸਚਿਆਈ ਨਹੀਂ। ਬਿਲਾਵਲ ਰਾਗ ਬਹੁਤ ਦੇਰ ਤੱਕ ਸਿੱਖਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਇਹ ਇੱਕ ਕਠਨ ਰਾਗ ਹੈ ਜਿਸ ਦੀ ਚਾਲ ਵਕ੍ਰ ਹੈ।

ਜਿਵੇਂ : ਸ ਰ ਗ ਪਪ ਧ ਨੁ ਧ ਪ ਮ ਗ, ਰਗ ਪ ਮ ਗ, ਧ ਗ ਪ ਮ ਗ ਮ ਰ ਸ।

ਆਰੋਹ ਵਿੱਚ ਮੱਧਯਮ ਅਲਪ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਇਕ ਖਾਸ ਢੰਗ ਨਾਲ ਹੁੰਦਾ ਹੈ ਅਤੇ ਗੰਧਾਰ ਜ਼ਿਆਦਾਤਰ ਵਕ੍ਰ ਹੈ।

ਇਥੇ ਇੱਕ ਵਿਚਾਰ ਕਰਨੀ ਬਹੁਤ ਜਰੂਰੀ ਹੈ ਕਿ ਅਲੱਈਆ ਬਿਲਾਵਲ ਅਤੇ ਸ਼ੁੱਧ ਬਿਲਾਵਲ ਵਿੱਚ ਕੀ ਅੰਤਰ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਸ਼ੁੱਧ ਬਿਲਾਵਲ ਦੇ ਆਰੋਹ ਵਿੱਚ ਮੱਧਯਮ ਲੱਗਦਾ ਹੈ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਹੀਂ ਹੁੰਦਾ। ਸ੍ਰੀ ਭਾਤਖੰਡ ਜੀ ਦੀ ਕਰਾਮਿਕ ਪੁਸਤਕ ਭਾਗ ਦੋ ਵਿੱਚ ਅਖੌਤੀ ਸ਼ੁੱਧ ਬਿਲਾਵਲ ਦੀ ਐਸੀ ਬੰਧਿਸ਼ ਲੱਭਣੀ ਸੌਖੀ ਨਹੀਂ ਜਿਸਦੇ ਆਰੋਹ ਵਿੱਚ ਮੱਧਯਮ ਛੱਡਿਆ ਨਾ ਹੋਵੇ ਅਤੇ ਕੋਮਲ ਨਿਖਾਦ ਦਾ ਪ੍ਰਯੋਗ ਨਾ ਕੀਤਾ ਹੋਵੇ। ਬਿਲਾਵਲ ਦੇ ਆਰੋਹ ਵਿੱਚ ਮੱਧਯਮ ਵਰਜਤ ਕਰਨ ਨਾਲ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਕਰਨ ਨਾਲ ਹੀ ਇਸ ਰਾਗ ਦਾ ਰੂਪ ਨਿੱਖਰਦਾ ਹੈ। ਤੇਜ ਤਾਨਾਂ ਦੇ ਆਰੋਹ ਵਿੱਚ ਮੱਧਯਮ ਦਾ ਪ੍ਰਯੋਗ ਜਰੂਰ ਹੋ ਜਾਂਦਾ ਹੈ ਸਾਡੇ ਵਿਚਾਰ ਵਿੱਚ ਅਲੱਈਏ ਬਿਲਾਵਲ ਜਾਂ ਸ਼ੁੱਧ ਬਿਲਾਵਲ/ਬਿਲਾਵਲ ਵਿੱਚ ਕੋਈ ਅੰਤਰ ਨਹੀਂ , ਹਾਂ, ਇਹ ਕਹਿ ਸਕਦੇ ਹਾਂ ਕਿ ਕੋਮਲ ਨਿਖਾਦ ਬਿਲਾਵਲ ਵਿੱਚ ਵਿਵਾਦੀ ਸੁਰ ਹੈ ਇਸਦਾ ਪ੍ਰਯੋਗ ਬਹੁਤ ਆਮ ਹੈ ਅਤੇ ਇਸ ਦੀ ਵਰਤੋਂ ਨਾਲ ਬਿਲਾਵਲ ਰਾਗ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ।

ਚਾਲ : ਸ, ਨ਼ ਧ਼ ਨ਼ ਸ, ਸ ਰ ਸ, ਸ ਰ ਗ - ਗ ਮ ਰ ਸ, ਸ ਰ ਗ ਪ ਮ ਗ, ਰ ਗ ਪ ਮ ਗ, ਗ ਮ ਰ ਗ ਪ - ਧ ਨੁ ਧ ਪ - ਧ ਪ ਮ ਗ -ਰ ਗ ਪ - ਪ ਗ ਪ ਮ ਗ, ਰ ਗ ਪ ਮ ਗ, ਰ ਗ ਰ ਸ, ਗ ਰ ਗ ਪ ਧ ਨੁ ਧ ਪ, ਗ ਪ ਧ ਨ ਸਂ, ਸਂ ਰਂ ਗਂ ਮਂ ਰਂ ਸਂ, ਸਂ ਨ ਧ ਨੁ ਧ ਪ, ਧ ਗ ਪ ਮ ਗ ਰ ਗ ਪ, ਪ ਮ ਗ, ਗ ਮ ਰ ਸ।

## ਅਸਥਾਈ (ਝਪਤਾਲ)

| x | | 2 | | | 0 | | 3 | | |
|---|---|---|---|---|---|---|---|---|---|
| | | | | | | | | [ਧ]ਸਂ<br>ਹ | ਸਂ<br>ਰਿ |
| [ਸਂ]ਧ<br>ਉ | ਨੁ<br>s | ਪ<br>ਤ | -<br>s | ਮਗ<br>ਮs | ਰ<br>ਹ | ਗ<br>ਰਿ | ਰਗ<br>ਪ੍ਰs | ਪ-<br>ss | ਗਮ<br>sਭ |
| [ਪ]ਗ<br>ਗਾ | -<br>s | -<br>s | -<br>s | ਮ<br>ਵਿ | ਰ<br>ਆ | -<br>s | ਸ<br>ਕ | -<br>s | ਸ<br>ਰਿ |
| ਗ<br>ਨਾ | -<br>s | ਮ<br>ਦ | ਰ<br>s | ਗ<br>ਬਿ | ਪ<br>ਲਾ | -<br>s | ਪਨ<br>ਵs | ਧ<br>s | ਨ<br>ਲ |
| ਸਂ<br>ਰਾ | -<br>s | ਧ<br>s | ਨੁ<br>s | ਧਪ<br>ss | ਗਮ<br>ਗs | ਰਗ<br>ss | ਪਮ<br>ss | ਗ<br>s | ਸਂਸਂ<br>ਹਰਿ |
| **ਅੰਤਰਾ:-** | | | | | | | | | |
| | | | | | | | | | ਪਪ<br>ਉਪ |
| ਪ<br>ਦੇ | -<br>s | [ਪ]ਨ<br>ਸ | ਧ<br>s | ਨ<br>ਗੁ | ਸਂ<br>ਰੂ | ਨ<br>s | ਸਂ<br>ਸੁ | -<br>s | ਸਂ<br>ਣਿ |
| ਗਂ<br>ਮੰ | -<br>s | ਗਂ<br>s | -<br>s | ਮਂ<br>ਨਿ | ਰਂ<br>ਆ | -<br>s | ਸਂ<br>ਧੁ | -<br>s | ਸਂ<br>ਰ |
| ਨ<br>ਮ | ਸਂਸਂ<br>sਮ | ਧ<br>ਤ | ਨੁ<br>s | ਧਪ<br>ਕs | ਗ<br>ਪੂ | ਮ<br>s | ਰਗ<br>ਰਾs | ਗਪ<br>ss | ਮ<br>s |
| ਗ<br>ਭਾ | -<br>s | -<br>s | -<br>s | ਮ<br>s | ਰ<br>ਗ | -,<br>s, | ਸ<br>ਕ | -<br>s | ਸ<br>ਰਿ |
| [ਸ]ਗ<br>ਨਾ | -<br>s | ਮ<br>ਦ | ਰ<br>s | ਗ<br>ਬਿ | | | | | |

# ਸ਼ਬਦ ਅਰਥ

ਸਲੋਕ ਮ: ੪

ਹਰਿ ਉਤਮੁ ਹਰਿ ਪ੍ਰਭ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥

I sing of the sublime Lord, the Lord God, in the melody of Bilaaval.

ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥

Hearing the Guru's Teachings, I obey them; this is the pre-ordained destiny written upon my forehead.

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਖ ਲਾਗੁ ॥

All day and night, I chant the Glorious Praises of the Lord, Har, Har, Har; within my heart, I am lovingly attuned to Him.

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

My body and mind are totally rejuvenated, and the garden of my mind has blossomed forth in lush abundance.

ਅਗਿਆਨ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

The darkness of ignorance has been dispelled, with the light of the lamp of the Guru's wisdom. Servant Nanak lives by beholding the Lord.

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ (ਬਿਲਾਵਲੁ ਮਹਲਾ ੪)

Let me behold Your face, for a moment, even an instant! ||1||

Postal Regd. No. CH/0045/2015-2017 RNI Regd.No. 46788/89 ISSN 0972-2335

